Vide R.N.I. No. Pun-Pun 2002/8323
ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 20/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 128
D.O.P. 10 May 2019

## ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ



ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਥਾ ਭਾਗ. ਧੰਨ ਧੰਨ ਮਾਤਾ ਭਾਨੀ ਜੀ
ਅੰਦਰ ਪੜ੍ਹੋ

# 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ ਲਹਿਰ ਨੂੰ ਸਮਰਪਿਤ

## ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ 25ਵਾਂ ਰੈਣ ਸਬਾਈ ਕੀਰਤਨ ਦਰਬਾਰ

1



2


3



4



5



6


7



8



1. ਭਾਈ ਅਮਨਦੀਪ ਸਿੰਘ ਜੀ ਸੰਗਤੀ ਰੂਪ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਦੇ ਹੋਏ, 2. ਭਾਈ ਗੁਰਚਰਨ ਸਿੰਘ ਜੀ (ਕਥਾ ਵਾਚਕ) ਹਾਜ਼ਰੀ ਭਰਦੇ ਹੋਏ , 3. ਭਾਈ ਭੁਪਿੰਦਰ ਸਿੰਘ ਜੀ, 4. ਭਾਈ ਸੁਖਵਿੰਦਰ ਸਿੰਘ ਜੀ (ਗੋਗਾ ਵੀਰ ਜੀ) 5. ਭਾਈ ਤੇਜਪਾਲ ਸਿੰਘ ਜੀ, 6. ਭਾਈ ਜਤਿੰਦਰ ਸਿੰਘ ਜੀ ਬਿੱਟੂ ਵੀਰ ਜੀ, ਭਾਈ ਹਰਵਿੰਦਰਪਾਲ ਸਿੰਘ ਜੀ ਲਿਟਲ, 7. ਬੀਬੀ ਪਰਮਜੀਤ ਕੌਰ ਜੀ, 8. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਜੀ ਕੀਰਤਨ ਦੀ ਛਹਿਬਰ ਲਗਾਉਂਦੇ ਹੋਏ ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-128ਵਾਂ (2019)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**

ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**

ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**

ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**

ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**

ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**

ਸ. ਹਰਭਜਨ ਸਿੰਘ ਲੁਧਿਆਣਾ, ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**

ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.) ਸ੍ਰੀ ਅੰਮ੍ਰਿਤਸਰ।

**ਕੰਪਿਊਟਰ**

ਸਿਫਤਿ ਸਾਲਾਹ ਦਫਤਰ, ਫੋਨ : 0183-2483920 (Ext. 27)

## ਤਤਕਰਾ

| | |
|---|---|
| ਸੰਪਾਦਕੀ | 4 |
| ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ<br>ਚੌਥਾ ਭਾਗ- ਧੰਨ ਧੰਨ ਮਾਤਾ ਭਾਨੀ ਜੀ | 5 |
| ਪਹਿਲੇ ਸਿੱਖ ਮਹਾਰਾਜਾ ਬਾਬਾ ਬੰਦਾ ਸਿੰਘ ਜੀ ਬਹਾਦਰ | 14 |
| ਜ਼ਿੰਦਗੀ ਦੀਆਂ ਬਰੀਕੀਆਂ | 18 |
| ਘਰ ਬੈਠੇ ਕੀਰਤਨ ਸਿੱਖੋ | 22 |
| ਅਧਿਆਤਮਿਕ ਵਿਚਾਰਾਂ | 23 |
| ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ | 24 |
| ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ | 26 |
| ਆਓ ! ਇੱਕ ਗੁਰੂ ਦੇ ਬਣ ਕੇ ਆਪਣੇ ਲੇਖ ਬਦਲਾਈਏ | 27 |
| ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ | 34 |
| ਪਰਖ ਤੇ ਪ੍ਰਪੱਕਤਾ | 36 |
| ਅਨਮੋਲ ਬਚਨ | 37 |
| ज़िंदगी की बारीकियाँ | 38 |
| धन्य धन्य श्री गुरु अमरदास जी | 42 |
| संक्षिप्त जीवन वृतांत श्री गुरु अंगद देव जी | 48 |
| Let's Seek Guidance from the Life of<br>Sant Baba Kharak Singh Ji | 53 |
| Special Pullout on the Birth Anniversary<br>of Sant Baba Kundan Singh Ji | 58 |
| Way To Save Oneself from Monetary Crisis | 62 |

**ਚੰਦਾ**

| | |
|---|---|
| ਸਲਾਨਾ ਚੰਦਾ (ਦੇਸ਼) | 100 ਰੁ. |
| ਸਲਾਨਾ ਚੰਦਾ (ਵਿਦੇਸ਼) | 800 ਰੁ. |
| 2 ਸਾਲ ਲਈ (ਦੇਸ਼) | 200 ਰੁ. |
| 2 ਸਾਲ ਲਈ (ਵਿਦੇਸ਼) | 1600 ਰੁ. |
| 5 ਸਾਲ ਲਈ (ਦੇਸ਼) | 400 ਰੁ. |
| 5 ਸਾਲ ਲਈ (ਵਿਦੇਸ਼) | 3200 ਰੁ. |
| ਲਾਈਫ ਮੈਂਬਰਸ਼ਿਪ (ਦੇਸ਼) | 1600 ਰੁ. |
| ਲਾਈਫ ਮੈਂਬਰਸ਼ਿਪ (ਵਿਦੇਸ਼) | 12800 ਰੁ. |

**ਨੋਟ**

ਸਿਫਤਿ ਸਾਲਾਹ ਵਿਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਹਨਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਸੰਪਾਦਕ

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ-

**ਸਿਫਤਿ ਸਾਲਾਹ**

ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006
ਫੋਨ : 98765-25850

# ਸੰਪਾਦਕੀ...

**ਗੁਰੂ ਸਵਾਰੀ ਸਾਧ ਸੰਗਤ ਜੀ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਗੁਰੂ ਸਾਹਿਬ ਦਾ ਇਹ ਪਾਵਨ ਉਪਦੇਸ਼ ਅੰਦਰ ਦ੍ਰਿੜ੍ਹ ਕਰਨ ਦੀ ਲੋੜ ਹੈ ਕਿ ਅੰਮ੍ਰਿਤ ਵੇਲਾ ਸੰਭਾਲੀਏ। ਬੜਾ ਜ਼ਰੂਰੀ ਵਿਸ਼ਾ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਉਹ ਸਿੱਖ ਕਾਹਦਾ ਜਿਹੜਾ ਸੂਰਜ ਚੜ੍ਹਨ ਤੇ ਜਾਗੇ। ਬੜੀ ਅਨਮੋਲ ਦਾਤ ਹੈ। ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਜਦੋਂ ਸਿੱਖਾਂ ਨੇ ਪੁੱਛਿਆ ਕਿ ਅੰਮ੍ਰਿਤ ਵੇਲੇ ਘੱਟ ਤੋਂ ਘੱਟ ਕਿੰਨਾ ਸਮਾਂ ਗੁਰੂ ਚਰਨਾਂ ਦੇ ਲੇਖੇ ਲਗਾਉਣਾ ਜ਼ਰੂਰੀ ਹੈ ਤੇ ਮਹਾਰਾਜ ਜੀ ਨੇ ਇੱਕ ਬੇੜੀ ਦੀ ਮਿਸਾਲ ਦਿੰਦਿਆਂ ਸਮਝਾਇਆ ਕਿ ਇੱਕ ਬੇੜੀ ਪਾਣੀ ਵਿੱਚ ਭਾਵੇਂ ਸਾਰੀ ਹੀ ਡੁੱਬੀ ਹੋਵੇ, ਚਾਰ ਉਂਗਲਾਂ ਹੀ ਬਾਹਰ ਹੋਵੇ ਤੇ ਬੇੜਾ ਬੰਨੇ ਲਗਾ ਦਿੰਦੀ ਹੈ। ਗੁਰੂ ਦਾ ਸਿੱਖ ਆਪਣੀ ਗ੍ਰਹਿਸਥੀ ਵਿੱਚ ਕਿੰਨਾ ਹੀ ਕਿਉਂ ਨਾ ਰੁਝਿਆ ਹੋਵੇ, ਜੇ ਅੰਮ੍ਰਿਤ ਵੇਲੇ ਦੀਆਂ ਚਾਰ ਘੜੀਆਂ ਹੀ ਸੰਭਾਲ ਲਵੇ ਤੇ ਉਸ ਦਾ ਬੇੜਾ ਵੀ ਬੰਨੇ ਲੱਗ ਸਕਦਾ ਹੈ। ਇੱਕ ਘੜੀ ਚੌਵੀ ਮਿੰਟ ਦੀ ਹੁੰਦੀ ਹੈ ਤੇ ਚਾਰ ਘੜੀਆਂ ਤੋਂ ਭਾਵ ਤਕਰੀਬਨ ਡੇਢ ਘੰਟਾ। ਇੰਨਾ ਸਮਾਂ ਅੰਮ੍ਰਿਤ ਵੇਲੇ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਸੰਭਾਲਣਾ ਹਰ ਸਿੱਖ ਲਈ ਅਤਿ ਜ਼ਰੂਰੀ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਇਹ ਉਪਦੇਸ਼ ਕਿੰਨਾ ਸੰਭਾਲਣ ਵਾਲਾ ਹੈ, ਸਿੱਖ ਨੇ ਨਾ ਜੰਗਲਾਂ ਵਿੱਚ ਜਾਣਾ ਹੈ ਤੇ ਨਾ ਹੀ ਸਮਾਜ ਦਾ ਤ੍ਰਿਸਕਾਰ ਕਰਨਾ ਹੈ, ਆਪਣੇ ਗ੍ਰਹਿਸਥੀ ਜੀਵਨ ਦੇ ਫਰਜ਼ਾਂ ਨੂੰ ਵੀ ਨਿਭਾਉਣਾ ਹੈ ਤੇ ਇਸ ਤੋਂ ਨਿਰਲੇਪ ਰਹਿ ਕੇ ਆਪਣੇ ਗੁਰੂ ਦੇ ਚਰਨਾਂ ਨਾਲ ਨਾਤਾ ਵੀ ਜੋੜਨਾ ਹੈ। ਸਵੇਰ ਦਾ ਸਮਾਂ ਕਿੰਨਾ ਟਿਕਾਓ ਵਾਲਾ ਤੇ ਸ਼ਾਂਤਮਈ ਹੁੰਦਾ ਹੈ ਤੇ ਇਸ ਸਮੇਂ ਨੂੰ ਗੁਰੂ ਸਾਹਿਬ ਨੇ ਅੰਮ੍ਰਿਤ ਵੇਲੇ ਦਾ ਸਮਾਂ ਕਹਿ ਕੇ ਨਿਵਾਜਿਆ ਹੈ।

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*

ਤੇ ਨਾਲ ਹੀ ਅੰਮ੍ਰਿਤ ਵੇਲੇ ਦੇ ਸਮੇਂ ਨੂੰ ਮਹਾਤਮ ਰੂਪ ਵਿੱਚ ਬਖਸ਼ਿਸ਼ ਕੀਤੀ:

*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥*

ਅੰਮ੍ਰਿਤ ਵੇਲੇ ਦੀਆਂ ਵਡਿਆਈਆਂ ਨੂੰ ਕਾਗਜ਼ ਦੇ ਦਾਇਰੇ ਵਿੱਚ, ਅਲਫਾਜ਼ਾਂ ਦੀ ਸੀਮਾ ਵਿੱਚ ਨਹੀਂ ਲਿਆਂਦਾ ਜਾ ਸਕਦਾ। ਇਹ ਤਾਂ ਉਸ ਦੇ ਭਗਤ ਪਿਆਰੇ ਆਪਣੀ ਕਮਾਈ ਨਾਲ ਇਸ ਨੂੰ ਅਨੁਭਵ ਕਰਦੇ ਹਨ, ਇਸ ਦੀਆਂ ਵਡਿਆਈਆਂ ਦਾ ਆਪਣੇ ਅੰਦਰ ਅਨੰਦ ਮਾਣਦੇ ਹਨ ਤੇ ਇਸ ਵੇਲੇ ਉਸ ਦੇ ਚਰਨਾਂ ਨਾਲ ਜੁੜ ਕੇ ਅਭੇਦਤਾ ਦੀ ਅਵਸਥਾ ਤੇ ਪਹੁੰਚਦੇ ਹਨ। ਸਮੇਂ ਦੇ ਬਦਲਣ ਨਾਲ ਸਾਡੇ ਪਰਿਵਾਰਿਕ ਤੇ ਸਮਾਜਿਕ ਕਦਰਾਂ ਕੀਮਤਾਂ ਵਿੱਚ ਜਿਸ ਤਰ੍ਹਾਂ ਬਦਲਾਅ ਆ ਰਿਹਾ ਹੈ, ਅੰਮ੍ਰਿਤ ਵੇਲੇ ਨੂੰ ਸੰਭਾਲਣਾ ਤਾਂ ਇੱਕ ਪਾਸੇ ਰਹਿ ਗਿਆ, ਸਾਡਾ ਸੌਣਾ ਹੀ ਬਹੁਤ ਲੇਟ ਹੋ ਗਿਆ ਹੈ ਤੇ ਜਦੋਂ ਜਾਗ ਆਉਂਦੀ ਹੈ ਤੇ ਅੰਮ੍ਰਿਤ ਵੇਲਾ ਕਦੋਂ ਦਾ ਲੰਘ ਗਿਆ ਹੁੰਦਾ ਹੈ। ਇਸ ਲਈ ਆਪਣੇ ਘਰਾਂ ਵਿੱਚ ਇੱਕ ਮਰਿਆਦਾ ਨੂੰ ਬੰਨੀਏ। ਰਾਤ ਦਸ ਵਜੇ ਤੱਕ ਸਾਰੇ ਪਰਿਵਾਰ ਨੇ ਬਿਲਕੁਲ ਅਰਾਮ ਵਿੱਚ ਹੋ ਜਾਣਾ ਹੈ ਤੇ ਫਿਰ ਜਿੰਨਾ ਜਲਦੀ ਤੋਂ ਜਲਦੀ ਹੋ ਸਕੇ, ਅੰਮ੍ਰਿਤ ਵੇਲਾ ਸੰਭਾਲ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ। ਹਰ ਘਰ ਦੇ ਇੱਕ-ਇੱਕ ਮੈਂਬਰ ਨੇ ਪ੍ਰਚਾਰਕ ਬਣਨਾ ਹੈ ਤੇ ਅੰਮ੍ਰਿਤ ਵੇਲੇ ਜਾਗ ਕੇ ਬਾਣੀ ਤੇ ਸਿਮਰਨ ਦੇ ਪਹਿਰੇ ਲਗਾਉਣੇ ਹਨ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਏ ਪਾਵਨ ਪੂਰਨਿਆਂ ਨੂੰ ਦੇਖੀਏ ਤੇ ਜੰਗ ਦੇ ਮੈਦਾਨ ਵਿੱਚ ਵੀ ਅੰਮ੍ਰਿਤ ਵੇਲੇ ਨੂੰ ਗੁਰੂ ਸਾਹਿਬ ਜੀ ਨੇ ਖੁੰਝਣ ਨਹੀਂ ਦਿੱਤਾ, ਭਾਵੇਂ ਆਪਣੇ 250 ਸਿੰਘ ਸ਼ਹੀਦ ਕਰਵਾ ਲਏ। ਇਹ ਪੂਰਨੇ ਪਾ ਕੇ ਗੁਰੂ ਸਾਹਿਬ ਸਾਨੂੰ ਇਹੀ ਦਰਸਾਉਣਾ ਚਾਹੁੰਦੇ ਹਨ ਕਿ ਸਿੱਖ ਦੇ ਜੀਵਨ ਵਿੱਚ ਭਾਵੇਂ ਕਿਹੋ ਜਿਹਾ ਵੀ ਸਮਾਂ ਆ ਜਾਵੇ ਪਰ ਅੰਮ੍ਰਿਤ ਵੇਲੇ ਦੀ ਸੰਭਾਲ ਨਾ ਕਿਤੇ ਚਲੀ ਜਾਵੇ। ਜੇ ਸਿੱਖ ਕੋਲ ਅੰਮ੍ਰਿਤ ਵੇਲਾ ਹੈ ਤੇ ਗੁਰੂ ਸਾਹਿਬ ਪ੍ਰਸੰਨ ਹੋ ਕੇ ਉਸਨੂੰ ਆਪਣੀਆਂ ਖੁਸ਼ੀਆਂ ਵੀ ਬਖਸ਼ਦੇ ਹਨ, ਦਰਗਾਹੀ ਦਾਤਾਂ ਵੀ ਬਖਸ਼ਦੇ ਹਨ। ਇੱਕ ਸਿੱਖ ਦੇ ਜੀਵਨ ਦਾ ਸਭ ਤੋਂ ਵੱਡਾ ਪਰਉਪਕਾਰ ਇਹੀ ਹੈ ਕਿ ਉਹ ਅੰਮ੍ਰਿਤ ਵੇਲੇ ਦੀ ਸੰਭਾਲ ਕਰੇ। ਆਪ ਵੀ ਅੰਮ੍ਰਿਤ ਵੇਲਾ ਸੰਭਾਲੇ ਤੇ ਆਪਣੇ ਪਰਿਵਾਰ ਤੇ ਆਲੇ-ਦੁਆਲੇ ਨੂੰ ਵੀ ਇਸ ਵਿੱਚ ਪ੍ਰਪੱਕ ਰਹਿਣ ਦੀ ਪ੍ਰੇਰਨਾ ਦੇਵੇ। ਧੰਨ ਗੁਰੂ ਨਾਨਕ ਮਹਾਰਾਜ ਜੀ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਆਪਣੇ ਅੰਦਰ ਇਹ ਦ੍ਰਿੜ੍ਹਤਾ ਪੈਦਾ ਕਰੀਏ ਕਿ ਅੰਮ੍ਰਿਤ ਵੇਲੇ ਦੀ ਸੰਭਾਲ ਅਖੀਰਲੇ ਸਵਾਸਾਂ ਤੱਕ ਖੁੰਝਣ ਨਹੀਂ ਦੇਣੀ ਤੇ ਇਸ ਨੂੰ ਸੰਭਾਲਣ ਵਾਸਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਬਾਣੀ ਦਾ ਨੇਮ ਵਧਾ ਕੇ ਜੋਦੜੀ ਕਰਨੀ ਹੈ। ਇਹ ਸ਼ਤਾਬਦੀ ਮਨਾਈ ਤਾਂ ਹੀ ਸਫਲੀ ਹੋਵੇਗੀ।

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਸਿੱਖ ਪੰਥ ਵਿੱਚ ਉਹ ਕਿਹੜੇ ਸਤਿਕਾਰਤ ਬੀਬੀ ਜੀ ਹਨ ਜੋ ਗੁਰੂ ਪੁੱਤਰੀ ਵੀ ਹਨ, ਗੁਰੂ ਪਤਨੀ ਵੀ ਹਨ, ਗੁਰੂ ਜਨਨੀ ਵੀ ਹਨ, ਗੁਰੂ ਦਾਦੀ ਵੀ ਹਨ, ਗੁਰੂ ਪੜਦਾਦੀ ਵੀ ਹਨ।

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਥਾ ਭਾਗ- ਧੰਨ ਧੰਨ ਮਾਤਾ ਭਾਨੀ ਜੀ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਚੌਥਾ ਭਾਗ- ਧੰਨ ਧੰਨ ਮਾਤਾ ਭਾਨੀ ਜੀ, ਜੋ ਗੁਰੂ ਪੁੱਤਰੀ ਵੀ ਹਨ, ਗੁਰੂ ਪਤਨੀ ਵੀ ਹਨ, ਗੁਰੂ ਜਨਨੀ ਵੀ ਹਨ, ਗੁਰੂ ਦਾਦੀ ਵੀ ਹਨ, ਗੁਰੂ ਪੜਦਾਦੀ ਵੀ ਹਨ, ਜਿਨ੍ਹਾਂ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ। *—ਸੰਪਾਦਕ*

ਸ਼ਬਦ

*ਮ : ੧ ॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਅੱਜ ਚੌਥਾ ਭਾਗ ਹੈ, ਇਸ ਪ੍ਰਕਰਨ ਦਾ :

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਪਹਿਲੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਬੀਬੀ ਵੀਰੋ ਜੀ ਦੇ ਜੀਵਨ ਦੇ। ਦੂਜੇ ਭਾਗ ਵਿੱਚ ਦਰਸ਼ਨ ਕੀਤੇ, ਮਾਤਾ ਭਿਰਾਈ ਜੀ ਦੇ ਜੀਵਨ ਦੇ। ਤੀਜੇ ਭਾਗ ਵਿੱਚ ਦਰਸ਼ਨ ਕੀਤੇ, ਧੰਨ ਧੰਨ ਮਾਤਾ ਖੀਵੀ ਜੀ ਦੇ

ਜੀਵਨ ਦੇ ਤੇ ਅੱਜ ਚੌਥੇ ਭਾਗ ਦੀ ਵਾਰੀ ਹੈ। ਸੰਗਤ ਸਾਰੀ ਮਾਂ-ਬਾਪ ਬਣ ਕੇ ਸਿਰ ਤੇ ਹੱਥ ਰੱਖਣਾ। ਮਨ ਦੀ ਰੀਝ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਉੱਚਾ ਸੁੱਚਾ ਮਿਸ਼ਨ ਘਰ-ਘਰ ਪਹੁੰਚੇ। ਜਿਸ ਜਿਸ ਧਰਮ ਵਿੱਚ ਬੀਬੀਆਂ ਬਾਰੇ ਜੋ ਜੋ ਉਨ੍ਹਾਂ ਨੇ ਅਸੂਲ ਬਣਾਏ ਹਨ, ਉਹ ਉਨ੍ਹਾਂ ਨੂੰ ਮੁਬਾਰਕ ਹਨ। ਕਿਸੇ ਧਰਮ ਵਿੱਚ ਔਰਤ ਜਨੇਊ ਨਹੀਂ ਪਾ ਸਕਦੀ, ਕਿਸੇ ਧਰਮ ਵਿੱਚ ਮਸੀਤ ਵਿੱਚ ਨਹੀਂ ਜਾ ਸਕਦੀ ਪਰ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦਾ ਸੁਨੇਹਾ, ਕਲਗੀਧਰ ਪਿਤਾ ਜੀ ਦੀ ਬਖਸ਼ਿਸ਼, ਸਤਿਕਾਰ ਸੁਨੇਹਾ ਕਿ ਜੇ ਪੰਜ ਪਿਆਰੇ ਭਾਈਆਂ ਨੂੰ ਅੰਮ੍ਰਿਤ ਛਕਾਉਂਦੇ ਹਨ ਤੇ ਬੀਬੀਆਂ ਵੀ ਅੰਮ੍ਰਿਤ ਛਕ ਸਕਦੀਆਂ ਹਨ। ਜੋ ਕਕਾਰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਨੇ ਭਾਈਆਂ ਨੂੰ ਬਖਸ਼ਿਸ਼ ਕੀਤੇ ਹਨ, ਬੀਬੀਆਂ ਨੂੰ ਵੀ ਉਹੀ ਬਖਸ਼ੇ ਹਨ। ਜੇ ਪੰਜ ਪਿਆਰੇ ਭਾਈਆਂ ਨੂੰ ਕਹਿੰਦੇ ਹਨ, ਬੋਲ:

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

ਤੇ ਬੀਬੀਆਂ ਨੂੰ ਇਹ ਨਹੀਂ ਕਹਿੰਦੇ ਕਿ ਵਾਹਿਗੁਰੂ ਜੀ ਕੀ ਖਾਲਸੀ ਸਗੋਂ ਬੀਬੀਆਂ ਨੂੰ ਵੀ ਇਹੀ ਕਹਿੰਦੇ ਹਨ, ਬੋਲ :

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

ਸਤਿਕਾਰ।

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਕੋਈ ਮਾਤਾ ਤਾਂ ਹੋਵੇਗੀ ਜਿਨ੍ਹਾਂ ਨੇ ਸੰਤ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਨੂੰ ਜਨਮ ਦਿੱਤਾ। ਹੈ ਤਾਂ ਉਹ ਵੀ ਬੀਬੀ ਹੈ। ਕੋਈ ਮਾਤਾ ਤਾਂ ਹੋਵੇਗੀ ਜਿਸ ਨੇ ਦਾਤਾਂ ਵੰਡਣ ਵਾਲੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਨੂੰ ਜਨਮ ਦਿੱਤਾ। ਕੋਈ ਮਾਂ ਤਾਂ ਹੋਵੇਗੀ। ਬਾਬਾ ਭਾਈ ਸ਼ਾਲੋ ਜੀ, ਜਿਨ੍ਹਾਂ ਦੀ ਕੁੱਖ ਵਿੱਚੋਂ ਹੋਏ, ਉਹ ਵੀ ਮਾਤਾ ਹਨ ਅਤੇ ਅਜਿਹੀਆਂ ਮਾਤਾਵਾਂ ਨੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਮਾਣ ਦਿੱਤਾ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

ਇਸ ਅੰਕ ਵਿੱਚ ਅਸੀਂ ਚੌਥੇ ਭਾਗ ਵਿੱਚ ਉਸ ਬੀਬੀ ਜੀ ਦੇ ਇਤਿਹਾਸ ਦੇ ਦਰਸ਼ਨ ਕਰਨੇ ਹਨ, ਜਿਨ੍ਹਾਂ ਦਾ ਨਾਂ ਆਇਆ ਹੈ :

*ਧੰਨ ਧੰਨ ਬੀਬੀ (ਮਾਤਾ) ਭਾਨੀ ਜੀ।*

ਜਿਵੇਂ ਪਿਛਲੀ ਵਾਰੀ ਤੁਸੀਂ ਇੱਕ ਨਿਵੇਕਲੀ ਗੱਲ ਪੜ੍ਹੀ ਸੀ, ਮਾਤਾ ਖੀਵੀ ਜੀ ਬਾਰੇ ਕਿ ਸਾਡੇ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਕਿੰਨਾ ਧੰਨ ਹੈ, ਮਾਤਾ ਖੀਵੀ ਜੀ ਦਾ ਨਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਦਰਜ ਹੈ। ਜਦੋਂ ਅਸੀਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਹਾਂ ਤਾਂ ਮਾਤਾ ਖੀਵੀ ਜੀ ਵਿੱਚ ਬਿਰਾਜਮਾਨ ਹਨ :

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*(ਅੰਗ ੯੬੭)*

ਅੱਜ ਜਿਨ੍ਹਾਂ ਦੇ ਜ਼ਿਕਰ ਦੀ ਗੁਰੂ ਸਾਹਿਬ ਨੇ ਸੇਵਾ ਲੈਣੀ ਹੈ, ਬੀਬੀ (ਮਾਤਾ) ਭਾਨੀ ਜੀ। ਇਹ ਵੀ ਨਿਵੇਕਲਾ ਮਾਣ ਹੈ। ਬੀਬੀ (ਮਾਤਾ) ਭਾਨੀ ਜੀ, ਗੁਰੂ ਪੁੱਤਰੀ ਵੀ ਹੋਏ ਹਨ, ਗੁਰੂ ਪਤਨੀ ਵੀ ਹੋਏ ਹਨ, ਗੁਰੂ ਜਨਨੀ ਵੀ ਹੋਏ ਹਨ, ਗੁਰੂ ਦਾਦੀ ਵੀ ਹੋਏ ਹਨ, ਗੁਰੂ ਪੜਦਾਦੀ ਵੀ ਹੋਏ ਹਨ। ਨੋਟ ਕਰਿਓ। ਸਾਰਿਆਂ ਨੂੰ ਪਤਾ ਹੀ ਹੈ। ਗੁਰੂ ਪੁੱਤਰੀ- ਸ੍ਰੀ ਗੁਰੂ ਅਮਰਦਾਸ ਜੀ ਦੀ ਪੁੱਤਰੀ। ਧੰਨ ਸ੍ਰੀ ਗੁਰੂ ਅਮਰਦਾਸ ਜੀ ਪਿਤਾ ਹਨ। ਗੁਰੂ ਪਤਨੀ- ਸ੍ਰੀ ਗੁਰੂ ਰਾਮਦਾਸ ਜੀ ਦੀ ਪਤਨੀ। ਧੰਨ ਸ੍ਰੀ ਗੁਰੂ ਰਾਮਦਾਸ ਜੀ ਪਤੀ ਹਨ। ਗੁਰੂ ਜਨਨੀ- ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਕੁੱਖੋਂ ਜਨਮ ਲਿਆ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਹਨ। ਗੁਰੂ ਦਾਦੀ- ਪੰਜਵੇਂ ਪਾਤਸ਼ਾਹ ਜੀ ਦੇ ਪੁੱਤਰ ਹੋਏ ਹਨ, ਛੇਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਬੀਬੀ ਭਾਨੀ ਜੀ ਉਨ੍ਹਾਂ ਦੇ ਦਾਦੀ ਲੱਗੇ। ਗੁਰੂ ਸਾਹਿਬ ਦੇ ਦਾਦੀ ਵੀ ਹੋਏ ਹਨ। ਹੁਣ ਅੱਗੇ ਆ ਜਾਓ। ਗੁਰੂ ਦੀ ਪੜਦਾਦੀ ਵੀ ਹੋਏ ਹਨ। ਛੇਵੇਂ ਪਾਤਸ਼ਾਹ ਜੀ ਬੀਬੀ ਭਾਨੀ ਜੀ ਦੇ ਪੋਤਰੇ ਹਨ। ਅੱਗੋਂ ਛੇਵੇਂ ਪਾਤਸ਼ਾਹ ਜੀ ਦੇ ਪੰਜ ਸਪੁੱਤਰ ਉਨ੍ਹਾਂ ਵਿੱਚੋਂ ਇੱਕ

ਸਪੁੱਤਰ ਜਿਨ੍ਹਾਂ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਹੈ। ਬੀਬੀ ਭਾਨੀ ਜੀ ਰਿਸ਼ਤੇ ਵਜੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੜਦਾਦੀ ਜੀ ਹਨ। ਹੁਣ ਜਿਹੜੇ ਵੀ ਅੱਗੋਂ ਲਫਜ਼ ਹਨ, ਗੁਰੂ ਦੀ ਲੱਕੜਦਾਦੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਪੁੱਤਰ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਸਾਰੇ ਰਾਈਟਰਾਂ ਨੇ ਇਹ ਲਿਖਿਆ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਬੀਬੀ ਭਾਨੀ ਜੀ ਗੁਰੂ ਨਗੜਦਾਦੀ ਵੀ ਹੋਏ ਹਨ।

ਹੁਣ ਜਿਹੜੀ ਇੱਕ ਗੱਲ ਆਪ ਜੀ ਨਾਲ ਸਾਂਝੀ ਕਰਨੀ ਹੈ, ਬੀਬੀ ਭਾਨੀ ਜੀ ਕਿੰਨੇ ਧੰਨ ਹੋਣਗੇ। ਗੁਰੂ ਪੁੱਤਰੀ, ਗੁਰੂ ਪਤਨੀ, ਗੁਰੂ ਜਨਨੀ, ਗੁਰੂ ਦਾਦੀ, ਗੁਰੂ ਪੜਦਾਦੀ, ਗੁਰੂ ਲੱਕੜਦਾਦੀ, ਗੁਰੂ ਨਗੜਦਾਦੀ ਤੇ ਸੀਸ ਝੁਕਾਉਣਾ, ਬੀਬੀ ਭਾਨੀ ਜੀ ਗੁਰੂ ਦੇ ਸੇਵਕ ਵੀ ਹੋਏ ਹਨ। ਸੇਵਕ ਸਮਝਿਓ, ਕੌਣ ਹੁੰਦਾ ਹੈ? ਗੁਰੂ ਦੇ ਸੇਵਕਾਂ ਵਾਲੀ ਡਿਊਟੀ ਵੀ ਉਨ੍ਹਾਂ ਨੇ ਨਿਭਾਈ ਹੈ। ਬੀਬੀ ਭਾਨੀ ਜੀ ਆਪ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਇਸ਼ਨਾਨ ਕਰਵਾਉਂਦੇ ਸਨ। ਗੁਰੂ ਸੇਵਕ ਵੀ ਹੋਏ ਹਨ। ਇਹ ਇੱਕ ਨਿਵੇਕਲੀ ਗੱਲ ਹੈ, ਹਰ ਕਿਸੇ ਦੇ ਹਿੱਸੇ ਨਹੀਂ ਆਉਂਦੀ। ਗੁਰੂ ਪੁੱਤਰੀ, ਗੁਰੂ ਪਤਨੀ, ਗੁਰੂ ਜਨਨੀ, ਗੁਰੂ ਦਾਦੀ, ਗੁਰੂ ਪੜਦਾਦੀ, ਗੁਰੂ ਲੱਕੜਦਾਦੀ, ਗੁਰੂ ਸੇਵਕ। ਸਤਿਗੁਰੂ ਜੀ ਨੇ ਔਰਤਾਂ (ਬੀਬੀਆਂ) ਨੂੰ ਕਿੰਨਾ ਮਾਣ ਬਖਸ਼ਿਆ ਹੈ, ਗੁਰਬਾਣੀ ਵਿੱਚ ਧਨੁ ਕਹਿ ਕੇ ਨਿਵਾਜਿਆ ਹੈ। ਪੜ੍ਹੋ ਇੱਕ ਵਾਰੀ ਪਿਆਰ ਨਾਲ :

*ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ*
*ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥*

*(ਅੰਗ ੩੧੦)*

ਇਹ ਲੋੜ ਹੈ। ਚੌਥਾ ਭਾਗ : ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਬੀਬੀ ਭਾਨੀ ਜੀ। ਦਾਸ ਉਨ੍ਹਾਂ ਦੇ ਜੀਵਨ ਵਿੱਚੋਂ ਗੁਰੂ ਸਾਹਿਬ ਦੀ ਕਿਰਪਾ ਨਾਲ ਉਨ੍ਹਾਂ ਦੇ ਗੁਣਾਂ ਦੀ ਵਿਚਾਰ ਸਾਂਝੀ ਕਰਨ ਲੱਗਾ ਹੈ। ਬੀਬੀ ਭਾਨੀ ਜੀ, ਜਿਨ੍ਹਾਂ ਨੂੰ ਬਚਪਨ ਵਿੱਚ ਹੀ ਭਾਉ ਭਗਤੀ ਦੀ ਦਾਤ ਪ੍ਰਾਪਤ ਹੋ ਗਈ ਸੀ। ਧਿਆਨ ਦੇਣਾ। ਸੱਤ ਰਾਈਟਰਾਂ ਦੀਆਂ ਕਿਤਾਬਾਂ ਦਾਸ ਨੇ ਪੜ੍ਹੀਆਂ ਹਨ ਤੇ ਸਾਰਿਆਂ ਨੇ ਹੀ ਲਿਖਿਆ ਹੈ। ਬੀਬੀ ਭਾਨੀ ਜੀ ਭਾਉ ਭਗਤੀ ਦਾ ਰੂਪ ਸੀ। ਇਸ ਨੂੰ ਛੋਟਾ ਨਾ ਲੈਣਾ। ਦਾਸ ਬੜਾ ਸੋਚਦਾ ਰਿਹਾ, ਸੱਤੇ ਰਾਈਟਰਾਂ ਨੇ ਲਿਖਿਆ ਹੈ ਕਿ ਬੀਬੀ ਭਾਨੀ ਜੀ ਬਚਪਨ ਵਿੱਚ ਹੀ ਭਾਉ ਭਗਤੀ ਦਾ ਰੂਪ ਸੀ। ਜ਼ਰਾ ਆਪਣੇ ਤੇ ਲੈਣਾ। ਇੱਕ ਹੁੰਦੀ ਹੈ, ਉਲਾਂਭਾ ਭਗਤੀ। ਪਾਠ ਕਰੀ ਜਾਣਾ ਹੈ ਪਰ ਵਿੱਚ-ਵਿੱਚ ਕਹੀ ਜਾਣਾ ਹੈ, ਗੁਰੂ ਨੇ ਦਿੱਤਾ ਕੀ ਹੈ? ਕਿਸੇ ਤੇ ਵੀ ਦੋਸ਼ ਲਗਾਉਣ ਤੋਂ ਪਹਿਲਾਂ ਯਾਦ ਰੱਖੋ :

*ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥*

*(ਅੰਗ ੪੩੩)*

ਕਿਸੇ ਬੰਦੇ ਨੂੰ ਵੀ ਦੋਸ਼ ਨਹੀਂ ਦੇਣਾ ਚਾਹੀਦਾ ਤੇ ਅਸੀਂ ਗੁਰੂ ਸਾਹਿਬ ਨੂੰ ਦੋਸ਼ ਦੇਈ ਜਾਂਦੇ ਹਾਂ। ਕਈ ਪਾਠ ਕਰਦੇ ਹਨ, ਭਗਤੀ ਕਰਦੇ ਹਨ ਪਰ ਉਲਾਂਭਾ ਭਗਤੀ। ਦੂਜੀ ਹੁੰਦੀ ਹੈ, ਦੁਨਿਆਵੀ ਭਗਤੀ। ਦੁਨਿਆਵੀ ਚੀਜ਼ਾਂ ਲਈ। ਉਹ ਵੀ ਲੋੜ ਹਨ ਪਰ ਕੇਵਲ ਇਹ ਹੀ ਨਾ ਚਲਦਾ ਰਹੇ। ਜਿਵੇਂ ਲੁਧਿਆਣੇ ਦਾ ਜ਼ਿਕਰ ਤੁਸੀਂ ਸੁਣਦੇ ਹੋ। ਇੱਕ ਸਰੀਰ ਨੇ ਦਾਸ ਨੂੰ ਕਿਹਾ ਸੀ, ਮਕਾਨ ਛੋਟਾ ਹੈ, ਨੇਮ ਕੀਤਾ, ਸੌ ਗਜ਼ ਦਾ ਮਕਾਨ ਮਿਲ ਗਿਆ। ਲੜਕੇ ਦਾ ਵਿਆਹ ਨਹੀਂ ਹੁੰਦਾ। ਹੋਰ ਨੇਮ ਵਧਾਇਆ ਵਿਆਹ ਵੀ ਹੋ ਗਿਆ। ਹੁਣ ਵਿਆਹ ਨੂੰ ਵੀ ਤਿੰਨ ਸਾਲ ਹੋ ਗਏ, ਜੀ! ਬੱਚਾ ਨਹੀਂ ਹੁੰਦਾ। ਨੇਮ ਕੀਤਾ, ਉਹ ਵੀ ਹੋ ਗਿਆ। ਜੋੜੀ ਰਲ ਜਾਵੇ, ਬਹੁਤ ਵਧੀਆ ਹੈ। ਨੇਮ ਕੀਤਾ, ਜੋੜੀ ਵੀ ਰਲ ਗਈ। ਹੁਣ ਸੌ ਗਜ਼ ਦੇ ਮਕਾਨ ਵਿੱਚ ਬੱਚੇ ਦੋ ਹੋ ਗਏ ਹਨ। ਮਕਾਨ ਛੋਟਾ ਲੱਗਣ ਲੱਗ ਪਿਆ ਹੈ, ਨੇਮ ਵਧਾਇਆ, ਦੋ ਸੌ ਗਜ਼ ਦਾ ਹੋ ਗਿਆ। ਹੁਣ ਆਹ ਧਿਆਨ ਰੱਖਣਾ। ਲੋੜ ਅਨੁਸਾਰ ਮੰਗਣਾ ਵੱਖਰੀ ਗੱਲ ਹੈ, ਗੁਜ਼ਾਰਾ ਹੁੰਦਿਆਂ ਕਿਸੇ ਦਾ ਵੱਡਾ ਮਕਾਨ ਵੇਖ ਕੇ, ਲੋਭ ਰੱਖਣਾ, ਗੱਲ ਹੋਰ ਹੈ। ਦੁਨਿਆਵੀ ਦਾਤਾਂ ਕਿਧਰੇ-ਕਿਧਰੇ ਭਗਤਾਂ ਨੇ ਵੀ ਮੰਗੀਆਂ ਹਨ। ਅਖੀਰ ਤੇ ਆ ਕੇ ਕਿਹਾ ਹੈ :

*ਮੈ ਨਾਹੀ ਕੀਤਾ ਲਬੋ ॥*

ਮੈਂ ਲਾਲਚ ਨਹੀਂ ਕੀਤਾ। ਭਗਤ ਕਬੀਰ ਜੀ

ਕਹਿੰਦੇ, ਜਿੰਨਾ ਕੁ ਲੋੜ ਹੈ :

*ਦੁਇ ਸੇਰ ਮਾਂਗਉ ਚੂਨਾ ॥*
*ਪਾਉ ਘੀਉ ਸੰਗਿ ਲੂਨਾ ॥*

ਇੱਥੇ ਚੂਨਾ ਆਖਿਆ ਹੈ, ਆਟੇ ਨੂੰ।

*ਅਧ ਸੇਰੁ ਮਾਂਗਉ ਦਾਲੇ ॥*
*ਮੋ ਕਉ ਦੋਨਉ ਵਖਤ ਜਿਵਾਲੇ ॥*
*ਖਾਟ ਮਾਂਗਉ ਚਉਪਾਈ ॥*
*ਸਿਰਹਾਨਾ ਅਵਰ ਤੁਲਾਈ ॥*

ਜਿੰਨਾ ਕੁ ਲੋੜ ਹੈ, ਉਹ ਮੰਗ ਸਕਦੇ ਹੋ।

*ਊਪਰ ਕਉ ਮਾਂਗਉ ਖੀਂਧਾ ॥*
*ਤੇਰੀ ਭਗਤਿ ਕਰੈ ਜਨੁ ਥੀਂਧਾ ॥*

ਫਿਰ ਕਹਿੰਦੇ ਹਨ :

*ਮੈ ਨਾਹੀ ਕੀਤਾ ਲਬੋ ॥*

*(ਅੰਗ ੬੫੬)*

ਦੁਨਿਆਵੀ ਦਾਤਾਂ ਲਈ ਭਗਤੀ ਕਰਨੀ ਜਾਇਜ਼ ਹੈ ਪਰ ਕਿਤੇ ਇਹ ਨਾ ਹੋਵੇ ਕਿ ਬੱਸ ਤੁਹਾਡੇ ਕੋਲ ਤਿੰਨ ਲੱਖ ਵਾਲੀ ਕਾਰ ਹੈ, ਤੁਸੀਂ ਸੱਤ ਲੱਖ ਵਾਲੀ ਵੇਖ ਲਈ, ਬੱਸ ਹੋ ਗਿਆ ਅੰਦਰ ਕੁਝ। ਇੰਨੇ ਪਾਠ ਕਰਾਂਗੇ, ਮੈਨੂੰ ਸੱਤ ਲੱਖ ਵਾਲੀ ਕਾਰ ਕਦੋਂ ਮਿਲੇਗੀ। ਗੱਲ ਨੂੰ ਸਮਝਿਓ। ਇੱਕ ਹੈ ਉਲਾਂਭਾ ਭਗਤੀ, ਇੱਕ ਹੈ ਦੁਨਿਆਵੀ ਭਗਤੀ। ਅਲੱਗ-ਅਲੱਗ ਭਗਤੀਆਂ ਹਨ, ਇੱਕ ਹੈ ਖੁਸ਼ਕ ਭਗਤੀ, ਕੋਰੀ। ਰਸ ਹੈ ਹੀ ਨਹੀਂ। ਇੱਕ ਹੈ, ਖਿੰਡੀ-ਪੁੰਡੀ ਭਗਤੀ। ਕਦੀ ਨਿਤਨੇਮ ਕੁਰਸੀ ਤੇ ਕਰ ਲਿਆ, ਕਦੀ ਉਧਰ ਬੈਠ ਗਏ, ਕਈ ਇਧਰ ਬੈਠ ਗਏ। ਬੀਬੀ ਭਾਨੀ ਜੀ ਦੇ ਗੁਣਾਂ ਤੇ ਵਿਚਾਰ ਚੱਲ ਰਹੀ ਹੈ। ਇਹ ਬੜੀ ਵੱਡੀ ਭਗਤੀ, ਭਾਉ ਭਗਤੀ, ਉਹ ਕੀ ਹੈ? ਭਾਉ ਕਹਿੰਦੇ ਹਨ, ਪ੍ਰੇਮ ਨੂੰ ਕਿ ਭਗਤੀ ਵਿੱਚ ਪ੍ਰੇਮ ਆ ਗਿਆ ਹੈ। ਭਾਉ ਭਗਤੀ ਕੀ ਹੁੰਦੀ ਹੈ? ਤੁਸੀਂ ਇਕੱਲਿਆਂ ਨਿਤਨੇਮ ਨਹੀਂ ਕਰੋਗੇ, ਸਾਹਮਣੇ ਕੋਈ ਆਸਣ, ਸਾਹਮਣੇ ਕੋਈ ਇਹੋ ਜਿਹੀ ਜਗ੍ਹਾ ਬਣਾਈ ਹੋਵੇਗੀ ਜਿੱਥੇ ਭਾਵਨਾ ਬਣਾਓਗੇ, ਜਿਸ ਸੱਚੇ ਪਾਤਸ਼ਾਹ ਜੀ ਨੂੰ ਯਾਦ ਕਰ ਰਹੇ ਹਾਂ, ਉਹ ਵੀ ਆਸਣ ਤੇ ਸਾਹਮਣੇ ਬਿਰਾਜਮਾਨ ਹਨ। ਇਹ ਭਾਉ ਭਗਤੀ ਹੈ।

*ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ*
*ਜਿਥੈ ਕਿਥੈ ਮੈਨੋ ਲਏ ਛਡਾਈ ॥*

*(ਅੰਗ ੫੮੮)*

ਇਹ ਭਾਉ ਭਗਤੀ ਹੈ। ਹੁਸ਼ਿਆਰਪੁਰ ਦਾ ਇੱਕ ਸਿੱਖ ਹੋਇਆ ਹੈ ਭਾਈ ਦੇਉ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਕਲਗੀਧਰ ਪਿਤਾ ਜੀ ਨੇ ਇਸ ਭਾਈ ਦੇਉ ਨੂੰ ਆਪਣੇ ਹੱਥੀਂ ਮਾਲੀ ਦਾ ਕੰਮ ਸਿਖਾਇਆ ਸੀ। ਉਸ ਦੀ ਅਵਸਥਾ ਕੀ ਸੀ? ਹਿਰਦੇ ਵਿੱਚ ਵਾਹਿਗੁਰੂ ਦਾ ਜਾਪ ਕਰਦਾ ਸੀ ਤੇ ਸੁਰਤੀ ਵਿੱਚ ਕਲਗੀਧਰ ਪਿਤਾ ਜੀ ਦਾ ਧਿਆਨ ਧਰਦਾ ਸੀ ਤੇ ਸੀਸ ਉੱਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਹਿਰਾ ਹਰ ਵੇਲੇ ਸਮਝਦਾ ਸੀ ਕਿ ਮੇਰੇ ਸੀਸ ਤੇ ਕਲਗੀਧਰ ਪਿਤਾ ਜੀ ਦਾ ਬਖਸ਼ਿਸ਼ਾਂ ਵੰਡਣ ਵਾਲਾ ਹੱਥ ਹੈ ਤੇ ਹਾਜ਼ਰ-ਨਾਜ਼ਰ ਸਤਿਗੁਰੂ ਜੀ ਸਦਾ ਮੇਰੇ ਅੰਗ-ਸੰਗ ਵਸਦੇ ਹਨ। ਇਹ ਭਾਉ ਭਗਤੀ ਹੈ। ਕੋਈ ਗੱਲ ਤੁਹਾਡੇ ਨਾਲ ਗੁਰਬਾਣੀ ਤੋਂ ਬਾਹਰ ਨਹੀਂ। ਕਦੀ ਕਦੀ ਇਹ ਸ਼ਬਦ ਪੜ੍ਹੋਗੇ :

*ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥*

*(ਅੰਗ ੭੫੮)*

ਇਹ ਭਗਤੀ ਕਰਨੀ। ਜੋ ਨੇਮ ਕਰ ਰਹੇ ਹਾਂ, ਉਸ ਸਾਹਿਬ ਨੂੰ ਕੋਲ ਸਮਝੀਏ। ਸੀਸ ਤੇ ਸਮਝ ਲਈਏ, ਆਸਣ ਵਿਛਾ ਲਈਏ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਸ਼ਬਦ ਪੜ੍ਹੀਏ :

*ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ*
*ਵਿਚਿ ਅਖੀ ਗੁਰ ਪੈਰ ਧਰਾਈ ॥*

*(ਅੰਗ ੭੫੮)*

ਇਸ ਦੇ ਕੀ ਅਰਥ ਕਰੋਗੇ? ਇਹ ਭਾਉ ਭਗਤੀ ਹੈ ਕਿ ਭਗਤੀ ਵਿੱਚ ਭਾਉ ਆ ਜਾਵੇ, ਪ੍ਰੇਮ ਆ ਜਾਵੇ। ਜੇ ਤੂੰ ਕਹਿ ਰਿਹਾ ਹੈ :

*ਅੰਤੁ ਨ ਸਿਫਤੀ ਕਹਣਿ ਨ ਅੰਤੁ ॥*

*(ਸ੍ਰੀ ਜਪੁਜੀ ਸਾਹਿਬ)*

ਤੇਰੇ ਅੰਦਰ ਦੀ ਇਹ ਬਿਰਤੀ ਹੋਵੇ ਐਸੀਆਂ

ਸਿਫਤਾਂ ਵਾਲੇ ਮੇਰੇ ਕਲਗੀਧਰ ਪਿਤਾ ਜੀ ਹਨ। ਗੁਰੂ ਦੇ ਚਰਨ ਤੇਰੀਆਂ ਅੱਖਾਂ ਵਿੱਚ ਵਸੇ ਹੋਣ। ਜਦੋਂ ਕਲਗੀਧਰ ਪਿਤਾ ਜੀ ਨੇ ਚੌਲਾ ਬਦਲ ਲਿਆ। ਪਹਿਲੇ ਪਾਤਸ਼ਾਹ, ਪੰਜਵੇਂ ਪਾਤਸ਼ਾਹ, ਦਸਵੇਂ ਪਾਤਸ਼ਾਹ ਸਰੀਰ ਸਮੇਤ ਦਰਗਾਹ ਵਿੱਚ ਗਏ ਹਨ। ਜਦੋਂ ਦਸਵੇਂ ਪਾਤਸ਼ਾਹ ਜੀ ਨੇ ਚੌਲਾ ਬਦਲ ਲਿਆ ਤੇ ਭਾਈ ਨੰਦ ਲਾਲ ਜੀ ਦਾ ਕੀ ਹਾਲ ਸੀ। ਟਿੱਬੇ ਤੇ ਬੈਠ ਜਾਣਾ। ਇੰਝ ਲੱਗਣਾ ਕਿ ਕਲਗੀਧਰ ਪਿਤਾ ਜੀ ਘੋੜੇ ਤੇ ਆ ਰਹੇ ਹਨ, ਇੰਝ ਜਾ ਰਹੇ ਹਨ। ਮਹਾਰਾਜ ਜੀ ਚੌਲਾ ਬਦਲ ਚੁੱਕੇ ਹਨ। ਪਰ ਭਾਈ ਨੰਦ ਲਾਲ ਜੀ ਦੀ ਬਿਰਤੀ, ਸੁਰਤ ਵਿੱਚ ਭਾਵਨਾ ਬਣਾਈ ਸੀ ਕਿ ਕਲਗੀਧਰ ਪਿਤਾ ਜੀ ਆਏ ਹਨ, ਘੋੜੇ ਤੇ ਜਾ ਰਹੇ ਹਨ ਤੇ ਫਿਰ ਭਾਈ ਨੰਦ ਲਾਲ ਜੀ ਨੇ ਆਪਣੀਆਂ ਗਜ਼ਲਾਂ ਵਿੱਚ ਕੀ ਆਖਿਆ, ਵੇਖੋ ਭਾਉ ਭਗਤੀ :

*ਲੰਘ ਗਿਆ ਗੁਰੂ ਕਲਗੀਆਂ ਵਾਲਾ*

ਇਹ ਧਾਰਨਾ ਨਹੀਂ, ਭਾਈ ਨੰਦ ਲਾਲ ਜੀ ਦੀ ਰਚਨਾ ਦਾ ਪੰਜਾਬੀ ਵਿੱਚ ਉਲੱਥਾ ਹੈ :

*ਲੰਘ ਗਿਆ ਗੁਰੂ ਕਲਗੀਆਂ ਵਾਲਾ*
*ਮੇਰੀਆਂ ਅੱਖੀਆਂ ਅੱਗੋਂ ਸਹੀਓ।*

ਬੜੀ ਡੂੰਘੀ ਗੱਲ ਹੈ। ਭਾਈ ਨੰਦ ਲਾਲ ਜੀ ਕਹਿੰਦੇ, ਮੇਰੀਆਂ ਅੱਖਾਂ ਨੇ ਸੁਰਤੀ ਬਣਾਈ ਕਿ ਕਲਗੀਧਰ ਪਿਤਾ ਜੀ ਲੰਘ ਰਹੇ ਹਨ। ਸਤਿਗੁਰੂ ਜੀ ਚੌਲਾ ਬਦਲ ਗਏ ਸੀ, ਭਾਈ ਨੰਦ ਲਾਲ ਜੀ ਦੇ ਅੰਦਰ ਵੈਰਾਗ ਵੀ ਬਹੁਤ ਸੀ। ਪਰ ਸੁਰਤੀ ਹੁਣ ਸਾਹਿਬ ਜਾ ਰਹੇ ਹਨ।

*ਲੰਘ ਗਿਆ ਗੁਰੂ ਕਲਗੀਆਂ ਵਾਲਾ*
*ਮੇਰੀਆਂ ਅੱਖੀਆਂ ਅੱਗੋਂ ਸਹੀਓ।*
*ਜਾਨੀ ਪਿੱਛੇ ਜਾਨ ਅਸਾਡੀ*
*ਨੈਣਾਂ ਰਸਤੇ ਗਈਓ।*

ਜਦ ਤੱਕ ਸੁਰਤੀ ਵਿੱਚ ਨਜ਼ਰ ਆਉਂਦੇ ਰਹੇ, ਜਾਨ ਵਿੱਚ ਜਾਨ ਸੀ। ਜਦੋਂ ਨਜ਼ਰ ਆਉਣੇ ਬੰਦ ਹੋ ਗਏ ਤੇ ਮੇਰੀ ਜਾਨ ਵੀ ਅੱਖਾਂ ਰਾਹੀਂ ਨਿਕਲ ਗਈ।

*ਲੰਘ ਗਿਆ ਗੁਰੂ ਕਲਗੀਆਂ ਵਾਲਾ*
*ਮੇਰੀਆਂ ਅੱਖੀਆਂ ਅੱਗੋਂ ਸਹੀਓ।*

ਕਈ ਕਹਿੰਦੇ, ਧਿਆਨ ਨਹੀਂ ਧਰਨਾ ਚਾਹੀਦਾ। ਇਹ ਹੁਣ ਕੀ ਹੈ :

*ਜਾਨੀ ਪਿੱਛੇ ਜਾਨ ਅਸਾਡੀ*
*ਨੈਣਾਂ ਰਸਤੇ ਗਈਓ।*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

ਰਹਿਰਾਸ ਸਾਹਿਬ ਤੋਂ ਬਾਅਦ ਵਾਲਾ ਉਹ ਸਲੋਕ ਯਾਦ ਰੱਖ ਲਿਆ ਕਰੀਏ। ਉਹ ਨਿਰੀ ਭਾਉ ਭਗਤੀ ਹੈ। ਜਿੰਨਾ ਨਿਤਨੇਮ ਕਰਦੇ ਹੋ, ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਯੈ, ਚੌਪਈ ਸਾਹਿਬ, ਅਨੰਦੁ ਸਾਹਿਬ, ਸੁਖਮਨੀ ਸਾਹਿਬ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ, ਮੂਲ ਮੰਤਰ, ਗੁਰਮੰਤਰ, ਸਹਿਜ ਪਾਠ ਇਸ ਤਰ੍ਹਾਂ ਕਰਨਾ ਚਾਹੀਦਾ ਹੈ :

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*
*(ਅੰਗ ੫੧੭)*

ਇਹ ਭਾਉ ਭਗਤੀ ਹੈ। ਨੇਤਰਾਂ ਵਿੱਚ ਵੀ ਗੁਰੂ, ਹਿਰਦੇ ਵਿੱਚ ਵੀ ਗੁਰੂ, ਰਸਨਾ ਤੇ ਵੀ ਗੁਰੂ, ਕੰਨਾਂ ਵਿੱਚ ਵੀ ਗੁਰੂ, ਸੁਰਤੀ ਵਿੱਚ ਵੀ ਗੁਰੂ। ਇਵੇਂ ਬਾਣੀ ਪੜ੍ਹਿਆ ਕਰੋ, ਉਸ ਨੂੰ ਹਾਜ਼ਰ ਸਮਝ ਕੇ ਉਸ ਦੀ ਹਜ਼ੂਰੀ ਵਿੱਚ ਪੜ੍ਹੀ ਜਾਵੇ। ਸੁਰਤੀ ਨਾਲ ਹਾਜ਼ਰ ਕਰ ਲੈ, ਪ੍ਰਤੱਖ ਆਸਣ ਵਿਛਾ ਲੈ। ਸੁਰਤੀ ਦਾ ਆਸਣ ਵਿਛਾ ਲੈ। ਭਾਵਨਾ ਬਣਾ ਕੇ ਗੁਰੂ ਸਾਹਿਬ ਦਾ ਹੱਥ ਤੇਰੇ ਸੀਸ 'ਤੇ ਹੈ। ਕਿਵੇਂ ਵੀ। ਭਾਉ ਭਗਤੀ ਕਰ ਲੈ। ਇਹ ਸੱਤ ਰਾਈਟਰਾਂ ਨੂੰ ਦਾਸ ਨੇ ਪੜ੍ਹਿਆ ਹੈ ਤੇ ਉਨ੍ਹਾਂ ਨੇ ਇੱਕੋ ਗੱਲ ਲਿਖੀ ਸੀ, ਤਾਂ ਦਾਸ ਨੇ ਬੋਲਿਆ ਹੈ। ਕੋਲੋਂ ਨਹੀਂ ਬਣਾਈ। ਹੁਣ ਚੌਥੇ ਭਾਗ ਵਿੱਚ ਜਿਸ ਸਤਿਕਾਰਯੋਗ ਬੀਬੀ ਜੀ ਦਾ ਜ਼ਿਕਰ ਸੁਣ ਰਹੇ ਹੋ, ਬੀਬੀ ਭਾਨੀ ਜੀ ਬਚਪਨ ਵਿੱਚ ਹੀ ਭਾਉ ਭਗਤੀ ਦਾ ਰੂਪ ਬਣ ਗਏ ਸੀ। ਚੰਗਾ ਲੱਗੇ ਤੇ ਆਪਣੀ ਜ਼ਿੰਦਗੀ ਵਿੱਚ ਲਿਆਉਣਾ ਤਾਂ ਹੀ ਇਹ ਪ੍ਰਸੰਗ ਪੜ੍ਹਨ, ਸੁਣਨ ਦਾ

ਲਾਭ ਹੈ। ਦੂਜਾ ਲਿਖਿਆ ਹੈ, ਬੀਬੀ ਭਾਨੀ ਜੀ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੂੰ ਇਸ਼ਨਾਨ ਕਰਵਾਉਣ ਦੀ ਸੇਵਾ ਤੇ ਲੰਗਰ ਵਿੱਚ ਸੇਵਾ ਮਨ ਨੀਵਾਂ ਕਰਕੇ ਕਰਦੇ ਸਨ। ਜ਼ਿੰਦਗੀ ਇਸ ਪਾਸੇ ਬਚਪਨ ਤੋਂ ਹੀ ਲੱਗ ਗਈ ਸੀ। ਤੀਜਾ ਲਿਖਿਆ ਹੈ, ਬੀਬੀ ਭਾਨੀ ਜੀ, ਬਚਪਨ ਵਿੱਚ ਹੀ ਕੋਈ ਕੰਮ ਕਰਨ ਤੋਂ ਪਹਿਲਾਂ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਤੋਂ ਆਗਿਆ ਲੈਂਦੇ ਸੀ। ਇਵੇਂ ਨਹੀਂ ਇੰਨਾ ਕੁਝ ਮਿਲ ਗਿਆ। ਆਗਿਆ ਦਿਓ ਤੇ ਜਾਵਾਂ। ਆਗਿਆ ਦਿਓ ਤੇ ਇਹ ਕਰਾਂ। ਚੌਥਾ ਲਿਖਿਆ ਹੈ, ਦਾਸ ਨੂੰ ਬੜੀ ਹੈਰਾਨਗੀ ਹੋਈ ਹੈ। ਬੀਬੀ ਭਾਨੀ ਜੀ ਨੇ ਬਚਪਨ ਵਿੱਚ ਸਹੇਲੀਆਂ ਨਾਲ ਖੇਡਣ ਵੀ ਜਾਣਾ ਹੈ ਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕੋਲੋਂ ਆਗਿਆ ਲੈ ਕੇ ਖੇਡਣ ਜਾਂਦੇ ਸੀ। ਪੰਜਵਾਂ ਲਿਖਿਆ ਹੈ, ਬੀਬੀ ਭਾਨੀ ਜੀ, ਜੋ ਉਪਦੇਸ਼ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕੋਲੋਂ ਸੁਣਨਾ, ਉਹ ਖੇਡਣ ਵੇਲੇ ਸਹੇਲੀਆਂ ਨੂੰ ਵੀ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਉਹ ਉਪਦੇਸ਼ ਸਰਵਣ ਕਰਵਾਉਣਾ, ਇਹ ਵੀ ਸੱਚ ਨਾਲ ਜੁੜ ਜਾਣ। ਇਹ ਛੋਟੀ ਉਮਰ ਦੀ ਗੱਲ ਹੈ। ਛੇਵਾਂ ਲਿਖਿਆ ਹੈ, ਇਹ ਬੜੀ ਵਧੀਆ ਗੱਲ ਤੁਹਾਡੇ ਵਾਸਤੇ ਵੀ ਹੈ, ਬੀਬੀ ਭਾਨੀ ਜੀ, ਆਪਣੀਆਂ ਸਹੇਲੀਆਂ ਨੂੰ ਕੀ ਕਹਿਣਾ, ਹੱਸਣਾ, ਖੇਡਣਾ ਬੁਰੀ ਗੱਲ ਨਹੀਂ ਪਰ ਇਹੋ ਜਿਹਾ ਹੱਸਣਾ, ਖੇਡਣਾ ਨਾ ਹੋ ਜਾਵੇ ਕਿ ਪਰਮੇਸ਼ਰ ਹੀ ਭੁੱਲ ਜਾਵੇ।

*ਖਾਣਾ ਪੀਣਾ ਹਸਣਾ ਸਉਣਾ*
*ਵਿਸਰਿ ਗਇਆ ਹੈ ਮਰਣਾ ॥*

*(ਅੰਗ ੧੨੫੪)*

ਇਹੋ ਜਿਹਾ ਹੱਸਣਾ ਖੇਡਣਾ ਨਾ ਹੋਵੇ ਕਿ ਪਰਮੇਸ਼ਰ ਹੀ ਭੁੱਲ ਜਾਵੇ। ਇਹ ਉਨ੍ਹਾਂ ਦੇ ਕੁਝ ਗੁਣ ਹਨ। ਹੁਣ ਆ ਜਾਓ, ਮਾਤਾ ਮਨਸਾ ਦੇਈ ਜੀ, ਬੀਬੀ ਭਾਨੀ ਜੀ ਦੇ ਮਾਤਾ ਜੀ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਕਹਿੰਦੇ, ਭਾਨੀ, ਜਵਾਨ ਹੋ ਗਈ ਹੈ। ਇਸ ਲਈ ਵਰ ਲੱਭੀਏ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਆਪਣੇ ਮਹਿਲਾਂ ਨੂੰ ਕਹਿੰਦੇ, ਕਿਹੋ ਜਿਹਾ ਲੜਕਾ ਹੋਵੇ? ਭਾਈ ਜੇਠਾ ਜੀ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਪਹਿਲਾਂ ਨਾਂ, ਕੱਪੜਿਆਂ ਉੱਤੇ, ਸੇਵਾ ਦੇ ਸਭ ਛਿੱਟੇ ਪਏ ਹੋਏ ਹਨ। ਟੋਕਰੀ ਚੁੱਕ ਕੇ ਸ੍ਰੀ ਗੋਇੰਦਵਾਲ ਸਾਹਿਬ ਸੇਵਾ ਕਰ ਰਹੇ ਹਨ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਿਲਾਂ ਨੂੰ ਪੁੱਛਦੇ ਹਨ, ਕਿਹੋ ਜਿਹਾ ਲੜਕਾ ਹੋਵੇ ਤੇ ਉਹ ਕੋਲੋਂ ਲੰਘ ਰਹੇ ਸੀ। ਮਾਤਾ ਮਨਸਾ ਦੇਈ ਜੀ ਕਹਿੰਦੇ, ਇਹੋ ਜਿਹਾ ਹੋਵੇ। ਮਹਾਰਾਜ ਜੀ ਨੇ ਕੋਲ ਬੁਲਾਇਆ, ਨਾਂ ਕੀ? ਜੇਠਾ। ਜੋ ਦਰਗਾਹੀ ਗੁਣਾਂ ਦਾ ਭੰਡਾਰ ਅੰਦਰ ਵੇਖਣਾ ਸੀ, ਉਹ ਆਪਣੀ ਦਿਬ ਦ੍ਰਿਸ਼ਟੀ ਨਾਲ ਵੇਖ ਕੇ ਕਹਿਣ ਲੱਗੇ, ਆਪਣੇ ਮਹਿਲਾਂ ਨੂੰ, ਇਹੋ ਜਿਹਾ ਧਰਤੀ ਤੇ ਇਹੋ ਹੀ ਹੈ। ਦਾਸ ਗੱਲ ਛੋਟੀ ਕਰ ਰਿਹਾ ਹੈ। ਰਿਸ਼ਤਾ ਹੋ ਗਿਆ। ਇਹ ਮੈਕਾਲਫ ਨੇ ਵੀ ਲਿਖਿਆ ਹੈ। ਮੈਕਾਲਫ ਨੇ ਵੀ ਬੀਬੀਆਂ ਬਾਰੇ ਲਿਖਿਆ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਸਿਮਰਨ ਕੌਰ ਉਨ੍ਹਾਂ ਨੇ ਵੀ ਲਿਖਿਆ ਹੈ। ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ। ਇੱਕ ਸਿੱਖ ਨੇ ਕਿਹਾ, ਮਹਾਰਾਜ ਜੀ, ਰਿਸ਼ਤਾ ਹੋ ਗਿਆ ਹੈ। ਤੇ ਕੁਝ ਸਮੇਂ ਨੂੰ ਵਿਆਹ ਹੈ ਬੱਚੀ ਦਾ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ, ਮੈਂ ਮਾਇਆ ਦੇਣੀ ਚਾਹੁੰਦਾ ਹਾਂ ਬੀਬੀ ਭਾਨੀ ਜੀ ਨੂੰ ਤਾਂ ਜੋ ਆਪਣੀ ਮਰਜ਼ੀ ਦੇ ਚੰਗੇ ਕੱਪੜੇ ਸੁਆ ਲਵੇ ਤੇ ਮਰਜ਼ੀ ਦੀਆਂ ਸੋਨੇ ਦੀਆਂ ਚੀਜ਼ਾਂ ਬਣਵਾ ਲਵੇ। ਬੀਬੀ ਭਾਨੀ ਜੀ ਸੁਣਦੇ ਪਏ ਸੀ, ਸਿੱਖ ਵੱਲੋਂ ਬੇਨਤੀ ਕਰਦਿਆਂ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੂੰ। ਇਹ ਚਾਰ-ਪੰਜ ਰਾਈਟਰਾਂ ਨੇ ਲਿਖਿਆ ਹੈ, ਦਾਸ ਤਾਂ ਬੋਲ ਰਿਹਾ ਹੈ। ਬੀਬੀ ਭਾਨੀ ਜੀ ਨੇ ਉਹ ਗੱਲ ਸੁਣ ਕੇ ਉਸ ਸਿੱਖ ਨੂੰ ਕੀ ਆਖਿਆ? ਬੀਬੀ ਭਾਨੀ ਜੀ ਨੇ ਇਹ ਪੰਕਤੀਆਂ ਬੋਲੀਆਂ :

*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*

*(ਅੰਗ ੪੬੮)*

ਰਾਈਟਰਾਂ ਨੇ ਦੋ ਚੀਜ਼ਾਂ ਲਿਖੀਆਂ ਹਨ ਕਿ ਬਾਣੀ ਇੰਨੀ ਕੰਠ ਸੀ ਬਾਣੀ ਵਿੱਚੋਂ ਮੌਕੇ ਦਾ ਜਵਾਬ ਦਿੱਤਾ।

*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਣਹਾਰੁ ॥*

*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*
*(ਅੰਗ ੪੬੮)*

ਸੁਇਨਾ ਕਹਿੰਦੇ ਹਨ, ਸੋਨੇ ਨੂੰ। ਇੱਕ ਤਾਂ ਉਸ ਸਿੱਖ ਨੂੰ ਆਖਿਆ ਕਿ ਆਪਣੇ ਧਨ ਦਾ ਸਹੀ ਪ੍ਰਯੋਗ ਲੰਗਰ ਵਿੱਚ ਕਰੋ। ਸਾਦਗੀ ਹੀ ਠੀਕ ਹੈ। ਹੁਣ ਧਿਆਨ ਦੇਣਾ ਜੀ। ਬੜੀ ਅਨੰਦਮਈ ਗੱਲ ਹੈ। ਇੱਥੇ ਆ ਕੇ ਬੀਬੀਆਂ ਦਾ ਸਿਰ ਉੱਚਾ ਹੁੰਦਾ ਹੈ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਡੇਢ ਵਜੇ ਉੱਠਦੇ ਸੀ। ਜੋ ਲਿਖਿਆ ਹੈ, ਦਾਸ ਬੋਲ ਰਿਹਾ ਹੈ। ਭਾਈ ਬੱਲੂ ਜੀ, ਮਹਾਰਾਜ ਜੀ ਦੇ ਇਸ਼ਨਾਨ ਲਈ ਜਲ ਭਰਦੇ ਸੀ। ਬੀਬੀਆਂ ਨੂੰ ਬੇਨਤੀ ਹੈ ਕਿ ਆਪ ਜੀ ਕਿੰਨੀਆਂ ਭਾਗਾਂ ਵਾਲੀਆਂ ਹੋ। ਬੀਬੀ ਭਾਨੀ ਜੀ, ਜੇ ਸਰਦੀ ਹੋਵੇ, ਪਾਣੀ ਗਰਮ ਕਰਨ ਦੀ ਡਿਊਟੀ ਉਨ੍ਹਾਂ ਦੀ ਸੀ। ਜੇ ਹੋਵੇ ਮਿੱਠਾ ਮੌਸਮ, ਪਾਣੀ ਜ਼ਿਆਦਾ ਗਰਮ ਨਹੀਂ, ਕੋਸਾ ਹੀ। ਜੇ ਹੈ ਗਰਮੀ ਤੇ ਪਾਣੀ ਠੰਡਾ। ਉਸ ਮੁਤਾਬਕ ਹੀ ਬੀਬੀ ਭਾਨੀ ਜੀ ਪਿਤਾ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਸੀ। ਭਾਈ ਬੱਲੂ ਜੀ ਦੀ ਡਿਊਟੀ, ਪਾਣੀ ਭਰਨ ਦੀ ਤੇ ਬੀਬੀ ਭਾਨੀ ਜੀ, ਆਪਣੇ ਪਿਤਾ ਗੁਰੂ ਜੀ ਨੂੰ ਮੌਸਮ ਅਨੁਸਾਰ ਪਾਣੀ ਨੂੰ ਵੇਖ ਜਿੰਨਾ ਪਾਣੀ ਗਰਮ ਲੋੜ ਹੈ ਜਾਂ ਨਹੀਂ ਲੋੜ, ਆਪ ਇਸ਼ਨਾਨ ਕਰਵਾਉਣਾ। ਵੱਡੀ ਸੇਵਾ ਦਰਗਾਹੀ। ਹੁਣ ਤੁਸੀਂ ਪੜ੍ਹਦੇ ਹੀ ਹੋ। ਦੋ ਚੀਜ਼ਾਂ ਲਿਖੀਆਂ ਹਨ, ਦਾਸ ਦੋਵੇਂ ਹੀ ਬੋਲ ਦਿੰਦਾ ਹੈ। ਕਿਧਰੇ ਲਿਖਿਆ ਹੈ, ਇਸ਼ਨਾਨ ਕਰਵਾਉਣ ਵੇਲੇ ਚੌਕੀ ਦਾ ਪਾਵਾ ਨਿਕਲਣ ਲੱਗਾ ਤੇ ਬੀਬੀ ਭਾਨੀ ਜੀ ਨੇ ਥੱਲੇ ਪੈਰ ਦੇ ਦਿੱਤਾ ਕਿ ਪਿਤਾ ਗੁਰੂ ਜੀ ਸਥਿਰ ਰਹਿਣ। ਉੱਥੇ ਸੀ ਕਿੱਲ। ਕਿੱਲ ਪੈਰ ਵਿੱਚ ਖੁੱਭ ਗਿਆ ਤੇ ਲਹੂ ਵਗਣਾ ਸ਼ੁਰੂ ਹੋ ਗਿਆ, ਇਸ਼ਨਾਨ ਕਰਵਾਈ ਗਏ ਤੇ ਜਦੋਂ ਪਾਣੀ ਲਾਲ ਰੰਗ ਦਾ ਵੇਖਿਆ ਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਪੁੱਤਰੀ, ਪਾਣੀ ਲਾਲ ਕਿਉਂ? ਬੀਬੀ ਭਾਨੀ ਜੀ ਚੁੱਪ। ਇਸ਼ਨਾਨ ਕਰਵਾਈ ਗਏ। ਆਪਣੀ ਵਡਿਆਈ ਆਪ ਨਹੀਂ ਕੀਤੀ। ਦੂਜੀ ਵਾਰੀ ਕਿਹਾ, ਪੁੱਤਰੀ, ਲਾਲ ਰੰਗ ਦਾ ਪਾਣੀ ਕਿਉਂ? ਫਿਰ ਚੁੱਪ। ਜਦੋਂ ਵੇਖਿਆ, ਪਾਵੇ ਥੱਲੇ ਪੈਰ ਦਿੱਤਾ ਹੈ, ਸਥਿਰਤਾ ਵਿੱਚ ਫਰਕ ਨਾ ਪੈ ਜਾਵੇ। ਕਿਧਰੇ ਇਹ ਲਿਖਿਆ ਹੈ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਇਸ਼ਨਾਨ ਤੋਂ ਬਾਅਦ ਸਿਮਰਨ ਵਿੱਚ ਬੈਠੇ ਸੀ। ਬੀਬੀ ਭਾਨੀ ਜੀ ਆਏ ਪੁੱਛਣ ਕਿਸੇ ਹੋਰ ਚੀਜ਼ ਦੀ ਲੋੜ ਨਾ ਹੋਵੇ ਤੇ ਵੇਖਿਆ ਕਿ ਜਿਸ ਪੀੜ੍ਹੀ ਤੇ ਸਤਿਗੁਰੂ ਜੀ ਬੈਠੇ ਹਨ ਉਸ ਪੀੜ੍ਹੀ ਦਾ ਇੱਕ ਸਾਈਡ ਦਾ ਪਾਵਾ ਨਿਕਲਣ ਲੱਗਾ ਹੈ, ਗੁਰੂ ਸਾਹਿਬ ਨਿਤਨੇਮ ਵਿੱਚ ਹਨ, ਸਮਾਧੀ ਭੰਗ ਨਾ ਹੋਵੇ ਤੇ ਥੱਲੇ ਹੱਥ ਦੇ ਦਿੱਤਾ, ਪਾਵੇ ਦੀ ਜਗ੍ਹਾ, ਉੱਥੇ ਕਿੱਲ ਸੀ। ਦਾਸ ਨੇ ਦੋਵੇਂ ਚੀਜ਼ਾਂ ਬੋਲ ਦਿੱਤੀਆਂ ਹਨ, ਕਿਵੇਂ ਵੀ ਸਮਝ ਲਓ। ਸੰਤ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਆਤਮ ਮਾਰਗ ਰਸਾਲਾ ਹੈ ਤੇ ਉਸ ਵਿੱਚ ਉਨ੍ਹਾਂ ਨੇ ਇੱਥੋਂ ਤੱਕ ਲਿਖਿਆ ਹੈ ਕਿ ਜਦ ਹੱਥ ਦਿੱਤਾ, ਪਾਵੇ ਥੱਲੇ, ਉੱਥੇ ਖੂਨ ਵੀ ਵਗ ਰਿਹਾ ਹੈ, ਹੱਥ ਵੀ ਸੁਜ ਗਿਆ ਤੇ ਬਾਂਹ ਤੱਕ ਸੋਜ ਆ ਗਈ ਹੈ ਪਰ ਅੰਦਰ ਭਾਵਨਾ ਹੈ ਪਿਤਾ ਜੀ ਦੀ ਸਮਾਧੀ ਵਿੱਚ ਸਥਿਰਤਾ ਰਵੇ। ਜਦੋਂ ਗੁਰੂ ਅਮਰਦਾਸ ਮਹਾਰਾਜ ਜੀ ਨੇ ਨੇਤਰ ਖੋਲ੍ਹੇ, ਸਭ ਕੁਝ ਵੇਖਿਆ ਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਮੁੱਖ ਵਿੱਚੋਂ ਨਿਕਲਿਆ, ਬੱਚੀਏ, ਅੱਜ ਤੇਰੀ ਸੇਵਾ ਥਾਂਏਂ ਪੈ ਗਈ ਹੈ ਤੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਮੁੱਖ ਵਿੱਚੋਂ ਨਿਕਲਿਆ, ਤੇਰੀ ਔਲਾਦ ਵਧੇਗੀ, ਫੁੱਲੇਗੀ। ਦੂਜਾ ਬਚਨ ਲਿਖਿਆ ਹੈ ਰਾਈਟਰਾਂ ਨੇ, ਬੱਚੀਏ, ਤੇਰੀ ਸੇਵਾ ਥਾਂਏਂ ਪੈ ਗਈ ਹੈ। ਤੇਰੀ ਔਲਾਦ ਨੂੰ ਸਾਰਾ ਜਗਤ ਪੂਜੇਗਾ। ਤੀਜਾ ਬਚਨ ਲਿਖਿਆ ਹੈ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਕਿਹਾ, ਸਦੀਆਂ ਤੱਕ, ਜੁਗਾਂ ਜੁਗਾਂ ਤੱਕ ਤੇਰੀ ਔਲਾਦ ਦੀ ਪੂਜਾ ਅਟੱਲ ਰਹੇਗੀ। ਚੌਥੀ ਗੱਲ, ਬੀਬੀ ਭਾਨੀ ਜੀ ਨੂੰ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਆਖਣ ਲੱਗੇ, ਬੱਚੀਏ, ਅੱਜ ਤੇਰੀ ਸੇਵਾ ਥਾਂਏਂ ਪਈ ਹੈ। ਤੇਰੀ ਵੰਸ਼ ਵਿੱਚੋਂ ਵੱਡੇ-ਵੱਡੇ ਯੋਧੇ ਵੀ ਪੈਦਾ ਹੋਣਗੇ। ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ, ਵੰਸ਼ ਵੀ ਉਹੀ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਸੰਗਤ ਆਗਿਆ

ਦੇਵੇ। ਮਨ ਦੀ ਅਭਿਲਾਖਾ ਹੁੰਦੀ ਹੈ, ਕੁਝ ਪੰਕਤੀਆਂ ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ, ਮਹਿਮਾ ਪ੍ਰਕਾਸ਼, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਬੋਲੀਆਂ ਜਾਣ। ਕਿਸੇ ਨੂੰ ਸ਼ੱਕ ਨਾ ਆ ਜਾਵੇ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕਿੰਨੇ ਵਜੇ ਉੱਠਦੇ ਸੀ, ਬੀਬੀ ਭਾਨੀ ਜੀ ਇਸ਼ਨਾਨ ਕਿਵੇਂ ਕਰਵਾਉਂਦੇ ਸਨ? ਉਹ ਪਿਆਰ ਨਾਲ ਸੁਣ ਲਓ ਜੀ :

*ਧੰਨ ਹੈ ਧੰਨ ਹੈ ਧੰਨ ਹੈ ਬੀਬੀ ਭਾਨੀ ਜੀ ਧੰਨ ਹੈ।*
*ਜਬ ਪਹਿਰ ਰਾਤ ਰਹੇ ਅੰਮ੍ਰਿਤ ਵੇਲਾ।*
*ਗੁਰ ਕਰੇ ਇਸ਼ਨਾਨ ਭਗਤ ਸੁਖ ਕੇਲਾ।*
*ਇਸੀ ਸਮੇਂ ਬੀਬੀ ਜੀ ਦਰਸ਼ਨ ਕਰੇਂ।*
*ਗੁਰ ਕੀ ਭਗਤਿ ਸਦ ਹਿਰਦੇ ਧਰੇ।*
*ਧੰਨ ਹੈ ਧੰਨ ਹੈ ਧੰਨ ਹੈ ਬੀਬੀ ਭਾਨੀ ਜੀ ਧੰਨ ਹੈ।*

ਇਹ ਘਰ ਲੈ ਕੇ ਜਾਣਾ, ਨਿੰਮ ਹੁੰਦੀ ਹੈ, ਨਿਮਰਤਾ। ਸਤਿਗੁਰਾਂ ਦੇ ਹੁਕਮ ਵਿੱਚ ਨਿਮਰਤਾ ਵਿੱਚ ਰਹਿ ਕੇ ਹੀ ਸੇਵਾ ਕਰਨੀ।

*ਰਹੇ ਨਿੰਮ ਸੇਵ ਕਮਾਵੈ ਅਨੁਸਾਰੀ ਹੋਇ ਸਦਾ ਟਿਕਾਵੈ ॥*

ਇੱਥੇ ਆ ਕੇ ਕੰਨਾਂ ਨੂੰ ਹੱਥ ਲੱਗ ਜਾਂਦੇ ਹਨ। ਬੀਬੀ ਭਾਨੀ ਜੀ ਦਾ ਸੂਰਜ ਪ੍ਰਕਾਸ਼ ਵਿੱਚ ਸੁਭਾਅ ਲਿਖਿਆ ਹੈ :

*ਆਛੋ ਕਾਮ ਦਿਖਾਇਨ ਚਾਹੇ ਲਾਭ*
*ਘਟੇ ਪਾਖੰਡ ਇਸ ਮਾਹਿ ॥*

ਬੀਬੀ ਭਾਨੀ ਜੀ ਕਹਿੰਦੇ, ਜਿੰਨੇ ਚੰਗੇ ਕੰਮ ਕਰੋ, ਦਿਖਾਵਾ ਬਹੁਤਾ ਨਾ ਕਰੋ। ਨਹੀਂ ਤਾਂ ਲਾਭ ਘੱਟ ਜਾਵੇਗਾ ਤੇ ਪਾਖੰਡ ਬਣ ਜਾਵੇਗਾ।

*ਧੰਨ ਹੈ ਧੰਨ ਹੈ ਧੰਨ ਹੈ ਬੀਬੀ ਭਾਨੀ ਜੀ ਧੰਨ ਹੈ।*

ਇੱਕ ਦਿਨ ਅੰਮ੍ਰਿਤ ਵੇਲੇ ਪਿਤਾ ਜੀ ਬੈਠੇ, ਸਮਾਧੀ ਵਿੱਚ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ। ਜਦੋਂ ਸਵੇਰ ਦੇ ਨਿਤਨੇਮ ਸਮਾਧੀ ਤੋਂ ਉੱਠੇ। ਕਹਿਣ ਲੱਗੇ, ਭਾਨੀ ਨੂੰ ਬੁਲਾਓ। ਬੀਬੀ ਭਾਨੀ ਜੀ ਆਏ ਤੇ ਬੇਨਤੀ ਕੀਤੀ, ਹਜ਼ੂਰ, ਪਿਤਾ ਜੀ ਆਗਿਆ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕਹਿਣ ਲੱਗੇ, ਅੱਜ ਜਦੋਂ ਨਿਤਨੇਮ ਵਿੱਚ ਜੁੜੇ ਸਾਂ ਤੇ ਬੱਚੀਏ ਇਹ ਚਾਨਣਾ ਇਹੋ ਜਿਹਾ ਹੋਇਆ ਹੈ, ਇਸ਼ਾਰੇ ਹਨ ਕਿ ਤੇਰੇ ਪਤੀ ਦੀ ਉਮਰ ਸਮਾਪਤ ਹੈ। ਬੱਚੀਏ, ਭਾਈ ਜੇਠਾ ਜੀ ਦੀ ਉਮਰ ਸਮਾਪਤ ਹੈ। ਸਿੱਖਿਆ ਤਾਂ ਦਿੱਤੀ ਸੀ, ਭੱਭਾ ਭੁੱਲ ਗਈ, ਭੱਭਾ ਭਾਣਾ ਜੀ, ਭੱਭਾ ਭਲਾ ਜੀ। ਇਹ ਤਿੰਨ ਭੱਭੇ ਦਾਜ ਵਿੱਚ ਦਿੱਤੇ ਸੀ। ਬੱਚੀਏ, ਕਿਵੇਂ ਕਰੀਏ? ਪਿਤਾ ਗੁਰੂ ਜੀ, ਜੋ ਸੁਣਾਇਆ ਹੈ, ਜਿਵੇਂ ਆਗਿਆ। ਸੁਣਿਓ। ਇਹ ਗੱਲਾਂ ਹਕੀਕਤ ਹਨ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕਹਿਣ ਲੱਗੇ, ਬੱਚੀਏ, ਇਸ ਜੇਠੇ ਦੇ ਮੈਂ ਤਿੰਨ ਕਰਜ਼ੇ ਦੇਣੇ ਹਨ। ਇੱਕ ਕਰਜ਼ਾ ਚੁਕਾਇਆ ਹੈ, ਤੈਨੂੰ ਇਸ ਨਾਲ ਵਿਆਹ ਦਿੱਤਾ ਹੈ, ਆਪਣੀ ਬੱਚੀ ਦਿੱਤੀ। ਐ ਬੱਚੀਏ, ਹੁਣ ਦੂਜਾ ਕਰਜ਼ਾ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ, ਮੇਰੀ ਉਮਰ ਅਜੇ ਸਾਢੇ ਛੇ ਸਾਲ ਰਹਿੰਦੀ ਹੈ। ਇਹ ਰਾਈਟਰਾਂ ਨੇ ਲਿਖਿਆ ਹੈ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਇਹ ਕਿਹਾ ਕਿ ਜੇਠੇ ਦੀ ਉਮਰ ਸਮਾਪਤ ਹੈ, ਉਦੋਂ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਉਮਰ 95 ਸਾਲ ਦੀ ਸੀ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿਣ ਲੱਗੇ, ਸਾਡੀ ਉਮਰ ਤਕਰੀਬਨ ਸਾਢੇ ਛੇ ਸਾਲ ਹੋਰ ਰਹਿੰਦੀ ਹੈ। ਬੱਚੀਏ, ਮੈਂ ਆਪਣੀ ਸਾਢੇ ਛੇ ਸਾਲ ਉਮਰ ਜੇਠੇ ਦੀ ਝੋਲੀ ਵਿੱਚ ਪਾਉਂਦਾ ਹਾਂ। ਰਾਈਟਰਾਂ ਨੇ ਲਿਖਿਆ ਹੈ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੀ ਬਖਸ਼ੀ ਹੋਈ ਉਮਰ, ਭਾਈ ਜੇਠਾ ਜੀ ਨੂੰ ਮਿਲੀ ਤੇ ਫਿਰ ਉਸ ਬਖਸ਼ੇ ਹੋਏ ਸਮੇਂ ਵਿੱਚ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਕਿੰਨੇ ਵੱਡੇ ਕਾਰਜ ਕੀਤੇ :

*ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ ॥*
*(ਵਾਰ: ੧, ਪਉੜੀ ੪੭)*

ਉਸ ਸਮੇਂ ਇਹ ਚੀਜ਼ਾਂ ਹੋਈਆਂ। ਜੁਗਾਂ ਜੁਗਾਂ ਤੱਕ ਸਦਾ ਲਈ, ਸ੍ਰੀ ਹਰਿਮੰਦਰ ਸਾਹਿਬ ਆਸਣ ਟਿਕਾ ਕੇ ਬੈਠ ਗਏ। ਤੀਜਾ ਕਰਜ਼ਾ ਸੀ, ਗੁਰਿਆਈ ਬਖਸ਼ੀ। ਉਹ ਫਿਰ, ਸਾਖੀ ਤਾਂ ਬੜੀ ਵੱਡੀ ਹੈ, ਹੁਕਮ ਕੀਤਾ ਤੀਜੇ ਪਾਤਸ਼ਾਹ ਜੀ ਨੇ ਭਾਈ ਰਾਮਾ ਜੀ ਤੇ ਭਾਈ ਜੇਠਾ ਜੀ ਨੂੰ

ਕਿ ਥੜੇ ਬਣਾਓ। ਗੁਰਿਆਈ ਦੇਣੀ ਸੀ। ਇਹ ਧੁਰੋਂ ਡਿਊਟੀਆਂ ਲੱਗੀਆਂ ਸਨ। ਸਾਢੇ ਛੇ ਸਾਲ ਦੇ ਕਰੀਬ ਉਮਰ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪਣੀ ਭਾਈ ਜੇਠਾ ਜੀ ਨੂੰ ਸੌਂਪੀ। ਪਿਤਾ ਜੀ ਨੇ ਕਿਵੇਂ ਉਮਰ ਦਿੱਤੀ? ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਉਹ ਵੇਰਵੇ ਲਿਖੇ ਹਨ। ਇੱਕ ਮਿੰਟ ਅਨੰਦ ਮਾਣ ਲਓ:

*ਪ੍ਰਭ ਜੇਠੇ ਜੀ ਕੋ ਲੀਆ ਬੁਲਾਇ।*

ਪ੍ਰਭ ਕਿਹਾ ਹੈ, ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੂੰ।

*ਪ੍ਰਭ ਜੇਠੇ ਜੀ ਕੋ ਲੀਆ ਬੁਲਾਇ।*
*ਹੋਇ ਦਇਆਲ ਗੁਰੂ ਜੀ ਬਚਨ ਸੁਣਾਇ।*
*ਸੁਤ ਆਜ ਤੁਮ ਅਉਧੁ ਬਿਹਾਨੀ।*

ਅੱਜ ਤੇਰੀ ਉਮਰ ਸਮਾਪਤ ਸੀ।

*ਘਟ ਘਟ ਕੇ ਅੰਤਰ ਕੀ ਜਾਨਤ ॥*
*(ਚੌਪਈ ਸਾਹਿਬ)*

*ਸੁਤ ਆਜ ਤੁਮ ਅਉਧੁ ਬਿਹਾਨੀ।*
*ਮੈ ਸਭ ਜਾਨੀ ਕਥਾ ਪੁਰਾਨੀ।*
*ਇਕ ਸੌ ਮਾਤ ਬਰਖ ਮਨ ਅਉਧੁ।*

ਇੱਕ ਸੌ ਮਾਤ, ਮਹਾਰਾਜ ਜੀ ਦੀ 95 ਸਾਲ ਉਮਰ ਸੀ। ਇੱਕ ਸੌ ਮਾਤ, ਇੱਕ ਸੌ ਇੱਕ ਤੇ ਕੁਝ ਮਹੀਨੇ ਮੇਰੀ ਉਮਰ ਬਾਕੀ ਸੀ।

*ਇਕ ਸੌ ਮਾਤ ਬਰਖ ਮਨ ਅਉਧੁ।*
*ਬੀਤ ਭਈ ਬਸੀਕੀ ਅਉਧੁ।*
*ਛੇ ਬਰਸ ਛੇ ਮਾਸ ਬਾਕੀ ਹੈ ਰਹੀ।*
*ਸੌ ਅਪਨੀ ਮੈ ਤੁਮ ਕੋ ਦਈ।*
*ਗੁਰੂ ਅਮਰਦਾਸ ਜੀ ਧੰਨ ਹੈ।*
*ਗੁਰੂ ਅਮਰਦਾਸ ਜੀ ਧੰਨ ਹੈ।*
*ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥*
*(ਅੰਗ ੫੪੭)*

ਆਪ ਜੀ ਸਭ ਕੁਝ ਕਰ ਸਕਦੇ ਹੋ। ਇਹ ਦਾਸ ਨੇ ਪੰਕਤੀਆਂ ਤਾਂ ਸੁਣਾਈਆਂ ਹਨ, ਮਹਿਮਾ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਦੀਆਂ ਤਾਂ ਕਿ ਤਸੱਲੀ ਹੋ ਜਾਵੇ। ਸਾਢੇ ਛੇ ਸਾਲ ਉਮਰ ਤੈਨੂੰ ਦਿੱਤੀ। ਕਿਸ ਸਦਕੇ? ਬੀਬੀ ਭਾਨੀ ਜੀ, ਉਨ੍ਹਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ। ਸੰਗਤ ਜੀ, ਬੀਬੀ ਭਾਨੀ ਜੀ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਚੌਲਾ ਬਦਲਣ ਤੋਂ ਬਾਅਦ ਤਰਨਤਾਰਨ ਸਾਹਿਬ ਕੋਹੜਖਾਨੇ ਕੋਹੜੀਆਂ ਦੀ ਸੇਵਾ ਵੀ ਕਰਦੇ ਰਹੇ। ਬੀਬੀ ਭਾਨੀ ਜੀ ਨੇ ਆਪਣਾ ਸਰੀਰ ਦਾ ਚੌਲਾ ਕਿੱਥੇ ਤਿਆਗਿਆ, ਤਰਨਤਾਰਨ ਸਾਹਿਬ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਉਨ੍ਹਾਂ ਦੀ ਯਾਦ ਵਿੱਚ ਉੱਥੇ ਖੂਹ ਲਗਵਾਏ। ਗੁਰਦੁਆਰਾ ਬੜਾ ਸੁੰਦਰ ਹੈ। ਇਹ ਅੱਜ ਚੌਥਾ ਭਾਗ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਬੀਬੀ ਭਾਨੀ ਜੀ ਦੇ ਜੀਵਨ ਦੇ ਕੁਝ ਅੰਸ਼ ਆਪ ਜੀ ਨੇ ਸਰਵਣ ਕੀਤੇ ਹਨ। ਦਾਸ ਦੀ ਬੇਨਤੀ ਹੈ, ਵਿੱਚੋਂ ਗੁਣ ਲੈਣੇ ਕਿ ਸਾਡੇ ਪਿਤਾ ਜੀ, ਸ੍ਰੀ ਗੁਰੂ ਨਾਨਕ ਮਹਾਰਾਜ ਦਾ ਘਰ ਕਿੰਨਾ ਵੱਡਾ ਹੈ, ਇਹੋ ਜਿਹੀਆਂ ਬੀਬੀਆਂ ਵੀ ਹੋਈਆਂ ਹਨ, ਗੁਰੂ ਪੁੱਤਰੀ, ਗੁਰੂ ਪਤਨੀ, ਗੁਰੂ ਜਨਨੀ, ਗੁਰੂ ਦਾਦੀ, ਗੁਰੂ ਪੜਦਾਦੀ, ਗੁਰੂ ਲੱਕੜਵਾਦੀ, ਗੁਰੂ ਨਗੜਦਾਦੀ, ਗੁਰੂ ਸੇਵਕ। ਆਓ, ਇੱਕ ਵਾਰੀ ਜਗਤ ਨੂੰ ਸੁਨੇਹਾ ਦੇ ਦਿਓ:

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*(ਅੰਗ ੪੭੩)*

ਇਸ ਅੰਕ ਵਿੱਚ ਆਪ ਜੀ ਨੇ ਨਵੇਂ ਪ੍ਰਕਰਨ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਭਾਗ ਚੌਥਾ- ਧੰਨ ਧੰਨ ਮਾਤਾ ਭਾਨੀ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ, ਜੋ ਗੁਰੂ ਪੁੱਤਰੀ ਵੀ ਹਨ, ਗੁਰੂ ਪਤਨੀ ਵੀ ਹਨ, ਗੁਰੂ ਜਨਨੀ ਵੀ ਹਨ, ਗੁਰੂ ਦਾਦੀ ਵੀ ਹਨ, ਗੁਰੂ ਪੜਦਾਦੀ ਵੀ ਹਨ। ਅਗਲੇ ਐਡੀਸ਼ਨ ਵਿੱਚ ਪੰਜਵੇਂ ਭਾਗ ਧੰਨ ਧੰਨ ਬੇਬੇ ਨਾਨਕੀ ਜੀ ਦੇ ਸਤਿਕਾਰ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

## ਪਹਿਲੇ ਸਿੱਖ ਮਹਾਰਾਜਾ

# ਬਾਬਾ ਬੰਦਾ ਸਿੰਘ ਜੀ ਬਹਾਦਰ

*—ਰਣਜੀਤ ਸਿੰਘ ਰਾਣਾ*

ਕਰੀਬ ਤਿੰਨ ਸਦੀਆਂ ਪਹਿਲਾਂ, 12 ਮਈ 1710 ਈ: ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਖਾਲਸਾਈ ਫਤਹਿ ਦਾ ਕੇਸਰੀ ਝੰਡਾ ਗੱਡ ਕੇ, ਜਾਬਰ ਸੂਬਾ ਸਰਹਿੰਦ ਨੂੰ ਪੈਰ੍ਹਾਂ ਥੱਲੇ ਮਧੋਲ ਕੇ, ਖਾਲਸਾ ਰਾਜ ਦੀ ਨੀਂਹ ਰੱਖਣ ਵਾਲੇ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਇਹ ਅਦੁੱਤੀ ਕਾਰਨਾਮਾ ਕਿਸੇ ਇਲਾਹੀ ਕਰਾਮਾਤ ਤੋਂ ਘੱਟ ਨਹੀਂ ਹੈ। ਸੰਨ 1526 ਤੋਂ ਦਿੱਲੀ ਅਤੇ ਕਾਬਲ ਦੇ ਤਖ਼ਤ 'ਤੇ ਕਾਬਜ਼ ਮੁਗਲ ਹਕੂਮਤ, ਜਿਸ ਨੇ ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਵਰਗੇ ਤਾਕਤਵਰ ਬਾਦਸ਼ਾਹ ਪੈਦਾ ਕੀਤੇ, ਉਸ ਸਮੇਂ ਤੱਕ ਸੰਸਾਰ ਦੀ ਸਭ ਤੋਂ ਵਧੇਰੇ ਬਲਸ਼ਾਲੀ ਸੂਬਿਆਂ ਵਿੱਚੋਂ ਇੱਕ ਸੀ। ਖਾਲਸਾ ਪੰਥ ਦਾ ਨਾਂ-ਨਿਸ਼ਾਨ ਮਿਟਾਉਣ ਦਾ ਦਾਅਵਾ ਕਰਕੇ ਸ੍ਰੀ ਅਨੰਦਪੁਰ ਸਾਹਿਬ 'ਤੇ ਵਾਰ-ਵਾਰ ਹਮਲਾਵਰ ਹੋਣ ਵਾਲੇ, ਚਮਕੌਰ ਦੀ ਕੱਚੀ ਗੜ੍ਹੀ ਨੂੰ ਘੇਰ ਕੇ ਕਲਗੀਧਰ ਪਾਤਸ਼ਾਹ ਦੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲੀ ਮਰਜੀਵੜੇ ਸਿੱਖਾਂ ਨੂੰ ਸ਼ਹੀਦ ਕਰਨ ਵਾਲੇ, ਦੋ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਨ ਦਾ ਹੁਕਮ ਦੇਣ ਵਾਲੇ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਦੀ ਕਰੜੀ ਕੈਦ ਦੇ ਤਸੀਹੇ ਦੇਣ ਵਾਲੇ, ਸੂਬਾ ਸਰਹਿੰਦ ਵਜ਼ੀਰ ਖਾਂ ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਨੱਕ ਵਿੱਚ ਨਕੇਲ ਪਾ ਕੇ ਸਰਹਿੰਦ ਦੀਆਂ ਗਲੀਆਂ ਵਿੱਚ ਵਹਿੜਕੇ ਦੇ ਮਗਰ ਬੰਨ੍ਹ ਕੇ ਘਸੀਟਿਆ ਅਤੇ ਉਸ ਦਾ ਸਿਰ ਕਲਮ ਕਰਕੇ ਤਤਕਾਲੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਕੰਬਣੀ ਛੇੜ ਦਿੱਤੀ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਕੇਵਲ ਸਰਹਿੰਦ, ਸਢੌਰੇ, ਸਮਾਣੇ ਨੂੰ ਹੀ ਨਹੀਂ, ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਵੀ ਖ਼ੂਬ ਸੋਧਾ ਲਾਇਆ ਅਤੇ ਮੁਖਲਿਸਗੜ੍ਹ ਵਾਲੇ ਲੋਹਗੜ੍ਹ ਦੇ ਕਿਲ੍ਹੇ ਨੂੰ ਰਾਜਧਾਨੀ ਐਲਾਨ ਕੇ 'ਖਾਲਸਾ ਰਾਜ' ਕਾਇਮ ਕੀਤਾ। ਉਹ ਸਹੀ ਅਰਥਾਂ ਵਿੱਚ 'ਪਹਿਲਾ ਸਿੱਖ ਮਹਾਰਾਜਾ' ਸੀ।

ਸਿੱਖ ਤਵਾਰੀਖ ਦੀ ਮਾਮੂਲੀ ਜਿਹੀ ਸੋਝੀ ਰੱਖਣ ਵਾਲੇ ਪਾਠਕ ਵੀ ਇਹ ਗੱਲ ਭਲੀ-ਭਾਂਤ ਜਾਣਦੇ ਹਨ ਕਿ ਸੰਨ 1708 ਤੱਕ ਪੂਰੇ ਪੰਜਾਬ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨਾਂ ਦੇ ਇਸ ਸ਼ਖਸ ਨੂੰ ਕੋਈ ਜਾਣਦਾ ਤੱਕ ਨਹੀਂ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਕੋਈ ਜ਼ਿਕਰਯੋਗ ਰਿਸ਼ਤੇਦਾਰ, ਸ਼ਰਧਾਲੂ, ਸ਼ਰੀਕਾ, ਕਬੀਲਾ ਜਾਂ ਭਾਈਚਾਰਾ ਪੰਜਾਬ ਵਿੱਚ ਨਹੀਂ ਸੀ। ਇਸ ਸਭ ਕਾਸੇ ਨੂੰ ਚੋਜੀ ਪ੍ਰੀਤਮ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਅਗੰਮੀ ਚੋਜ ਹੀ ਆਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਥਾਪੜੇ ਨੇ "ਕੀੜਾ ਥਾਪ ਦੇਇ ਪਾਤਸ਼ਾਹੀ" ਵਾਲੇ ਇਲਾਹੀ ਫ਼ੁਰਮਾਨ ਨੂੰ ਜ਼ਾਹਰਾ ਤੌਰ 'ਤੇ ਸੱਚ ਕਰ ਵਿਖਾਇਆ। ਕਲਗੀਧਰ ਪਾਤਸ਼ਾਹ ਦੀ ਇਸ ਵਿਸਮਾਦੀ ਬਖਸ਼ਿਸ਼ ਨੂੰ ਸਮਝਣ ਲਈ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਜੀਵਨੀ ਦੀਆਂ ਕੁਝ ਤਹਿਆਂ ਫਰੋਲਣੀਆਂ ਪੈਣਗੀਆਂ।

### ਬਚਪਨ ਅਤੇ ਪਰਿਵਾਰਿਕ ਪਿਛੋਕੜ :

ਜੰਮੂ ਦੀਆਂ ਰਮਣੀਕ ਪਹਾੜੀਆਂ ਨਾਲ ਘਿਰੀ ਰਿਆਸਤ ਪੁਣਛ ਦੇ ਪਿੰਡ ਰਾਜੋਰੀ ਵਿੱਚ ਵੱਸਦੇ

ਰਾਜਪੂਤ ਭਾਰਦਵਾਜ ਪਰਿਵਾਰ ਨਾਲ ਸੰਬੰਧਿਤ ਹਲਵਾਹਕ ਰਾਮਦੇਵ ਜੀ ਦੇ ਘਰ 27 ਅਕਤੂਬਰ 1670 ਈ: ਨੂੰ ਇੱਕ ਹੁੰਦੜਹੇਲ ਬਾਲਕ ਜਨਮਿਆ। ਮਾਪਿਆਂ ਨੇ ਚਾਅ ਨਾਲ ਇਸ ਬੱਚੇ ਦਾ ਨਾਂ ਲਛਮਣ ਦੇਵ ਰੱਖਿਆ। ਰਾਮਦੇਵ ਬੇਸ਼ੱਕ ਰਾਜਪੂਤ ਘਰਾਣੇ ਵਿੱਚੋਂ ਸਨ, ਪਰ ਉਹ ਰਜਵਾੜੇ ਨਹੀਂ ਸਨ, ਇੱਕ ਆਮ ਕਿਸਾਨ ਸੀ। ਬੇਸ਼ੱਕ ਉਸਦੇ ਕੋਲ ਗੁਜ਼ਾਰੇ ਲਾਇਕ ਵਾਹੀਯੋਗ ਜ਼ਮੀਨ ਸੀ, ਪਰ ਘਰ-ਪਰਿਵਾਰ ਦੇ ਚੰਗੇ ਸੋਹਣੇ ਨਿਰਬਾਹ ਲਈ ਉਸ ਨੂੰ ਸ਼ਿਕਾਰ ਦਾ ਸਹਾਰਾ ਵੀ ਲੈਣਾ ਪੈਂਦਾ ਸੀ।

ਰਿੜ੍ਹਣ-ਤੁਰਨ ਦੀ ਉਮਰ ਤੋਂ ਹੀ ਰਾਮਦੇਵ ਜੀ ਆਪਣੇ ਲਾਡਲੇ ਲਛਮਣ ਦੇਵ ਨੂੰ ਸ਼ਿਕਾਰ ਸਮੇਂ ਨਾਲ ਲੈ ਜਾਂਦਾ ਅਤੇ ਸ਼ਿਕਾਰੀ ਵਾਲੇ ਪੈਂਤੜੇ ਸਮਝਾਉਂਦਿਆਂ ਤੀਰ, ਗੁਲੇਲ, ਤਲਵਾਰ ਚਲਾਉਣ ਦੇ ਗੁਰ ਸਿਖਾਉਂਦਾ ਰਹਿੰਦਾ। ਫਲਸਰੂਪ ਬਾਰ੍ਹਾਂ-ਤੇਰ੍ਹਾਂ ਸਾਲ ਦੀ ਉਮਰ ਤੱਕ ਪਹੁੰਚਦਿਆਂ ਲਛਮਣ ਦੇਵ ਦੀਆਂ ਧੁੰਮਾਂ ਇੱਕ ਚੰਗੇ ਸ਼ਿਕਾਰੀ ਵਜੋਂ ਰਾਜੌਰੀ ਪਿੰਡ ਦੇ ਆਲੇ-ਦੁਆਲੇ ਵਿੱਚ ਧੁੰਮ ਗਈਆਂ। ਸ਼ਿਕਾਰ ਉਸ ਦੀ ਲੋੜ ਜਾਂ ਪਿਤਾ-ਪੁਰਖੀ ਕਿੱਤਾ ਹੀ ਨਹੀਂ, ਸ਼ੌਂਕ ਵੀ ਬਣ ਗਿਆ। ਬੈਠੇ-ਸੁੱਤੇ ਜੰਗਲੀ ਜਾਨਵਰਾਂ ਨੂੰ ਤੋੜੇਦਾਰ ਬੰਦੂਕ ਦੇ ਖੜਕੇ ਨਾਲ ਉਠਾਉਣਾ, ਭਜਾਉਣਾ ਅਤੇ ਸਰਪਟ ਦੌੜਦਿਆਂ ਨੂੰ ਤੀਰਾਂ ਨਾਲ ਵਿੰਨ੍ਹ ਦੇਣਾ, ਉਸ ਦੀ ਮਨਭਾਉਂਦੀ ਖੇਡ ਸੀ। ਅਜਿਹੀ ਖੇਡ ਖੇਡਦਿਆਂ ਹੀ ਇੱਕ ਦਿਨ ਅਣਜਾਣੇ ਵਿੱਚ ਉਸ ਨੇ ਇੱਕ ਗਰਭਵਤੀ ਹਿਰਨੀ ਤੀਰਾਂ ਨਾਲ ਵਿੰਨ੍ਹ ਦਿੱਤੀ। ਹਿਰਨੀ ਦੇ ਚੀਰੇ ਹੋਏ ਪੇਟ ਵਿੱਚੋਂ ਨਿਕਲੇ ਦੋ ਮਾਸੂਮ ਬੱਚੇ ਉਸ ਦੀਆਂ ਅੱਖਾਂ ਸਾਹਮਣੇ ਤੜਫ-ਤੜਫ ਕੇ ਮਰ ਗਏ। ਇਨ੍ਹਾਂ ਤੜਫਦਿਆਂ ਮਾਸੂਮਾਂ ਨੂੰ ਦੇਖ ਕੇ ਉਹ ਹੁਭਕੀ ਰੋਇਆ। ਹਿਰਨੀ ਦੇ ਪੇਟ ਨਾਲ ਉਸ ਦੀ ਰੂਹ ਵੀ ਚੀਰੀ ਗਈ। ਪੂਰਬਲੇ ਕਰਮਾਂ ਦਾ ਕੋਈ ਐਸਾ ਉਛਾਲਾ ਵੱਜਾ ਕਿ ਉਹ ਬੈਰਾਗੀ ਹੋ ਗਿਆ। ਜਾਨਕੀ ਪ੍ਰਸ਼ਾਦ ਨਾਂ ਕੇ ਇੱਕ ਬੈਰਾਗੀ ਸਾਧੂ ਦੇ ਟੋਲੇ ਨਾਲ ਰਲ ਕੇ ਉਹ ਜੰਮੂ-ਕਸ਼ਮੀਰ ਦੇ ਕਈ ਪਿੰਡਾਂ-ਕਸਬਿਆਂ ਵਿੱਚ ਘੁੰਮਿਆ। ਉਨ੍ਹਾਂ ਦਿਨਾਂ ਵਿੱਚ ਲਾਹੌਰ ਨੇੜਲੇ ਸ਼ਹਿਰ ਕਸੂਰ ਦੇ ਪਿੰਡ ਥਮਣ ਵਿੱਚ ਬੈਰਾਗੀ ਸਾਧੂ ਸੰਤ ਥਮਣ ਦਾ ਬਹੁਤ ਵੱਡਾ ਡੇਰਾ ਸੀ, ਜਿੱਥੇ ਵਿਸਾਖੀ ਸਮੇਂ ਬੈਰਾਗੀ ਸਾਧੂਆਂ ਦਾ ਬੜਾ ਭਾਰੀ ਮੇਲਾ ਜੁੜਿਆ ਕਰਦਾ ਸੀ। ਸੰਨ 1686 ਦੀ ਵਿਸਾਖੀ ਦੇ ਨੇੜੇ ਇਸ ਜੋੜ ਮੇਲੇ ਵਿੱਚ ਸ਼ਾਮਲ ਹੋਣ ਲਈ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਆਪਣੇ ਟੋਲੇ ਸਮੇਤ ਕਸੂਰ ਪਹੁੰਚਿਆ। ਉਸ ਟੋਲੇ ਵਿੱਚ ਲਛਮਣ ਦੇਵ ਵੀ ਸ਼ਾਮਲ ਸੀ। ਇੰਝ ਕਰੀਬ 16 ਸਾਲ ਦੀ ਉਮਰ ਵਿੱਚ ਬੈਰਾਗੀ ਲਛਮਣ ਦੇਵ ਪਹਿਲੀ ਵਾਰ ਪੰਜਾਬ ਦੇ ਕਿਸੇ ਕਸਬੇ ਵਿੱਚ ਦਾਖਲ ਹੋਇਆ। ਇੱਥੋਂ ਉਹ ਬੈਰਾਗੀ ਸਾਧੂਆਂ ਨਾਲ ਤੀਰਥ ਯਾਤਰਾ ਲਈ ਤੁਰ ਪਿਆ। ਭਾਰਤ ਦੇ ਵੱਖ-ਵੱਖ ਤੀਰਥਾਂ, ਧਾਮਾਂ, ਪੁਰਾਤਨ ਮੰਦਰਾਂ ਅਥਵਾ ਸ਼ਿਵਾਲਿਆਂ ਦਾ ਭ੍ਰਮਣ ਕਰਦਾ ਉਹ ਬੈਰਾਗੀਆਂ ਦੇ ਇੱਕ ਤਪ ਅਸਥਾਨ ਨੂੰ ਟਿਕਾਣਾ ਬਣਾ ਕੇ ਉਹ ਟਿਕ ਗਿਆ। ਇਸੇ ਤਪ ਅਸਥਾਨ 'ਤੇ ਉਸ ਨੇ ਇੱਕ ਬਿਰਧ ਸਵਾਮੀ ਅਮਰ ਨਾਥ ਦੀ ਬੜੀ ਸੇਵਾ ਕੀਤੀ। ਅਸੀਸ ਵਜੋਂ ਸਵਾਮੀ ਅਮਰ ਨਾਥ ਨੇ ਉਸ ਨੂੰ ਰੂਹਾਨੀਅਤ ਦੇ ਗੁਹਜ ਗੁਰ ਸਮਝਾਏ। ਸਵਾਮੀ ਅਮਰ ਨਾਥ ਨੇ ਉਸ ਨੂੰ ਜੰਤਰ, ਮੰਤਰ ਅਤੇ ਤੰਤਰ ਵਿਦਿਆ ਦੀ ਇੱਕ ਦੁਰਲੱਭ ਪੋਥੀ ਦਿੱਤੀ, ਜਿਸ ਦਾ ਅਮਲੀ ਅਧਿਐਨ ਲਛਮਣ ਦੇਵ ਨੇ ਬੜੀ ਕਰੜੀ ਤਪ-ਸਾਧਨਾ ਨਾਲ ਕੀਤਾ।

### ਸਵਾਮੀ ਮਾਧੋ ਦਾਸ ਬੈਰਾਗੀ :

ਵਰ੍ਹਿਆਂ ਲੰਮੀ ਤਪ-ਸਾਧਨਾ ਨੇ ਲਛਮਣ ਦੇਵ ਨੂੰ ਕੁਝ ਗੈਬੀ ਸ਼ਕਤੀਆਂ ਦਾ ਸਵਾਮੀ ਬਣਾ ਦਿੱਤਾ ਅਤੇ ਉਸ ਨੂੰ ਰਿੱਧੀਆਂ-ਸਿੱਧੀਆਂ ਵੀ ਫੁਰਨ ਲੱਗੀਆਂ। ਸਵਾਮੀ ਅਮਰ ਨਾਥ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਆਪਣੀ ਗੱਦੀ ਉਸ ਨੂੰ ਦੇ ਦਿੱਤੀ

ਅਤੇ ਨਵਾਂ ਨਾਂ 'ਸਵਾਮੀ ਮਾਧੋ ਦਾਸ ਬੈਰਾਗੀ' ਰੱਖਿਆ। ਹੁਣ ਉਹ ਆਪਣੇ ਆਪ ਨੂੰ ਦੂਜੇ ਬੈਰਾਗੀ ਸਾਧੂਆਂ ਨਾਲੋਂ ਵਿਸ਼ੇਸ਼ ਸਮਝਣ ਲੱਗਾ ਅਤੇ ਪੂਜਾ-ਮਾਨਤਾ ਦੀ ਇੱਛਾ ਵੀ ਉਤਪੰਨ ਹੋ ਗਈ। ਉਸ ਨੂੰ ਜਾਪਿਆ ਕਿ ਨਾਸਿਕ ਦੇ ਇਸ ਜੰਗਲ ਵਿੱਚ ਆਪਣੇ ਵਰਗੇ ਬੈਰਾਗੀ ਭੇਖ ਵਾਲੇ ਸਾਧੂਆਂ ਦੇ ਤਪ ਅਸਥਾਨ 'ਤੇ ਉਸ ਦੀ ਵਿਸ਼ੇਸ਼ ਮਾਨਤਾ ਹੋ ਸਕਣੀ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਸੋ, ਉਹ ਕੁਝ ਬੈਰਾਗੀ ਸੇਵਕਾਂ-ਸਾਥੀਆਂ ਨੂੰ ਨਾਲ ਲੈ ਕੇ ਨਾਸਿਕ ਨੂੰ ਅਲਵਿਦਾ ਆਖ ਗਿਆ। ਘੁੰਮਦਾ-ਘੁੰਮਾਉਂਦਾ ਉਹ ਗੋਦਾਵਰੀ ਦਰਿਆ ਦੇ ਕਿਨਾਰੇ ਵਸੇ ਨਾਂਦੇੜ ਨਗਰ ਨੇੜੇ ਪੁੱਜਾ ਅਤੇ ਇਕਾਂਤ, ਰਮਣੀਕ ਪ੍ਰੰਤੂ ਆਮ ਲੋਕਾਂ ਦੀ ਪਹੁੰਚ ਵਿੱਚ ਆ ਸਕਣ ਵਾਲੀ ਥਾਂ ਦੇਖ ਕੇ ਪੱਕੇ ਮੁਕਾਮ ਵਾਲਾ ਡੇਰਾ ਕਾਇਮ ਕਰ ਲਿਆ।

ਸਵਾਮੀ ਮਾਧੋ ਦਾਸ ਬੈਰਾਗੀ ਦਾ ਚਿੱਤ ਹੁਣ ਤਪ ਸਾਧਨਾ ਕਰਨ ਜਾਂ ਧਿਆਨ ਟਿਕਾਉਣ ਨਾਲੋਂ ਮਾਨਤਾ ਬਣਾਉਣ ਵਿੱਚ ਵਧੇਰੇ ਖਚਿਤ ਹੋਣ ਲੱਗਾ। ਘੁੰਮਦੇ-ਫਿਰਦੇ ਬੈਰਾਗੀਆਂ ਨੇ ਨਾਂਦੇੜ ਦੇ ਆਲੇ-ਦੁਆਲੇ ਵਾਲੇ ਸਾਰੇ ਪਿੰਡਾਂ-ਕਸਬਿਆਂ ਵਿੱਚ ਇਹ ਗੱਲ ਫੈਲਾ ਦਿੱਤੀ ਕਿ ਸਵਾਮੀ ਮਾਧੋ ਦਾਸ ਬੈਰਾਗੀ ਦੇ ਮੂੰਹੋਂ ਜਿਹੜਾ ਵੀ ਬੋਲ ਨਿਕਲ ਜਾਵੇ, ਉਹ ਸੱਚ ਹੋ ਜਾਂਦਾ ਹੈ। ਲੋੜਵੰਦ ਲੋਕਾਂ ਦੀਆਂ ਭੀੜਾਂ ਦੇ ਇਕੱਠ ਨੇ ਡੇਰੇ ਵਿੱਚ ਕਿਸੇ ਚੀਜ਼ ਦੀ ਕਮੀ ਨਾ ਰਹਿਣ ਦਿੱਤੀ। ਸਵਾਮੀ ਮਾਧੋ ਦਾਸ ਬੈਰਾਗੀ ਤੋਂ ਦੁੱਧ, ਪੁੱਤ ਅਤੇ ਦੌਲਤ ਮੰਗਣ ਆਏ ਲੋਕਾਂ ਨੇ ਡੇਰੇ ਨੂੰ ਮਾਲਾਮਾਲ ਕਰ ਦਿੱਤਾ ਅਤੇ ਕਈਆਂ ਨੇ ਤਾਂ ਆਪਣੇ ਪੁੱਤਰ ਵੀ ਡੇਰੇ 'ਤੇ ਚੜ੍ਹਾ ਦਿੱਤੇ। ਸ਼ਰਧਾਲੂਆਂ ਦੇ ਹਾਲਾਤ ਤਾਂ ਸ਼ਾਇਦ ਉਵੇਂ-ਕਿਵੇਂ ਹੀ ਰਹੇ, ਪਰ ਡੇਰਾ ਹਰ ਚੜ੍ਹਦੇ ਸੂਰਜ ਵਾਂਗ ਹੋਰ ਵਧੇਰੇ ਖੁਸ਼ਹਾਲ ਹੁੰਦਾ ਗਿਆ।

ਮਾਨਤਾ ਦੇ ਇਸ ਮੁਕਾਮ 'ਤੇ ਪੁੱਜ ਕੇ ਸਵਾਮੀ ਮਾਧੋ ਦਾਸ ਬੈਰਾਗੀ ਦੇ ਮਨ ਵਿੱਚ ਖਿਆਲ ਆਉਣ ਲੱਗਾ ਕਿ ਆਮ ਲੋਕ ਹੀ ਨਹੀਂ, ਆਲੇ-ਦੁਆਲੇ ਦੇ ਸਾਧੂ-ਸੰਤ ਵੀ ਉਸ ਦੀ ਤਾਬਿਆ ਵਿੱਚ ਹੋਣੇ ਚਾਹੀਦੇ ਹਨ। ਉਹ ਉਚੇਚੇ ਸੱਦੇ ਭੇਜ ਕੇ ਬੈਰਾਗੀਆਂ, ਸਾਧੂਆਂ, ਸੰਤਾਂ, ਮਹੰਤਾਂ ਨੂੰ ਆਪਣੇ ਡੇਰੇ ਵਿੱਚ ਬੁਲਾਉਂਦਾ, ਉਨ੍ਹਾਂ ਦੀ ਖੂਬ ਟਹਿਲ ਸੇਵਾ ਕਰਦਾ, ਆਪਣਾ ਜਾਹੋ-ਜਲਾਲ ਦਿਖਾਉਂਦਾ। ਉਸ ਦੀ ਪ੍ਰਭੂਸੱਤਾ ਦਾ ਠਾਠ ਦੇਖ ਕੇ ਆਮ ਸਾਧਕ ਸਾਧੂ ਉਸ ਦੇ ਚਰਨਾਂ 'ਤੇ ਸਿਰ ਰੱਖ ਦਿੰਦੇ, ਉਸ ਨੂੰ 'ਸਵਾਮੀ' ਸਵੀਕਾਰਦੇ ਅਤੇ ਨੀਵੇਂ ਥਾਂ ਹੋ ਕੇ ਬਹਿੰਦੇ ਪਰ ਜਿਹੜਾ ਅਜਿਹਾ ਨਾ ਕਰਦਾ, ਸਵਾਮੀ ਮਾਧੋ ਦਾਸ ਬੈਰਾਗੀ ਆਪਣੀ ਸ਼ਕਤੀ ਨਾਲ ਆਪਣੇ ਵਿਸ਼ੇਸ਼ ਆਸਣ ਵਾਲੇ ਪਲੰਘ ਨੂੰ ਪੁੱਠਾ ਕਰ ਦਿੰਦਾ। ਉਸ ਦੇ ਪਾਲਤੂ ਚੇਲੇ ਆਸਣ ਥੱਲੇ ਮੂਧੇ-ਮੂੰਹ ਡਿੱਗੇ ਸਾਧਕ ਦੀ ਖੂਬ ਖਿੱਲੀ ਉਡਾਉਂਦੇ। ਅਸਲ ਵਿੱਚ ਸਵਾਮੀ ਮਾਧੋ ਦਾਸ ਬੈਰਾਗੀ ਨੇ ਬੇਸ਼ੱਕ ਆਪਣਾ ਨਾਂ ਬਦਲ ਲਿਆ ਸੀ, ਪਹਿਰਾਵਾ ਬਦਲ ਲਿਆ ਸੀ, ਇਲਾਕਾ ਬਦਲ ਲਿਆ ਸੀ, ਪ੍ਰੰਤੂ ਉਸ ਦੀ ਸ਼ਿਕਾਰੀ ਬਿਰਤੀ ਅਜੇ ਵੀ ਲਛਮਣ ਦੇਵ ਵਾਲੀ ਹੀ ਸੀ। ਹੁਣ ਉਹ ਪਸ਼ੂ-ਪੰਛੀਆਂ ਦਾ ਨਹੀਂ, ਬਲਕਿ ਸਾਧੂ-ਸੰਤਾਂ ਦਾ ਸ਼ਿਕਾਰ ਕਰਦਾ ਸੀ। ਬੇਸ਼ੱਕ ਅਡੰਬਰ ਵਜੋਂ ਉਸ ਨੇ ਵੈਸ਼ਨੋ ਬੈਰਾਗੀ ਦਾ ਭੇਖ ਬਣਾਇਆ ਹੋਇਆ ਸੀ, ਖੂਨ ਦੀ ਇੱਕ ਬੂੰਦ ਡੁੱਲ੍ਹਣ ਨਾਲ ਉਹ ਡੇਰੇ ਨੂੰ ਪਲੀਤ ਹੋਇਆ ਗਿਣਦਾ ਸੀ, ਪਰ ਅੰਤਰ-ਆਤਮੇ ਤੋਂ ਅਜੇ ਵੀ ਸ਼ਿਕਾਰੀ ਸੀ। ਇੰਝ ਕਰਦਿਆਂ ਉਹ ਆਪਣੀ ਜ਼ਿੰਦਗੀ ਦੇ 38ਵੇਂ ਵਰ੍ਹੇ ਵਿੱਚ ਦਾਖਲ ਹੋ ਚੁੱਕਾ ਸੀ। ਹੁਣ ਉਸ ਦੀ ਮਾਨਤਾ ਬੈਰਾਗੀਆਂ ਵਿੱਚ ਵੀ 'ਬੀਰ ਬੈਰਾਗੀ' ਵਜੋਂ ਜਾਣੀ ਜਾਂਦੀ ਸੀ।

## ਕਲਗੀਧਰ ਪਾਤਸ਼ਾਹ ਦੀ ਨਦਰਿ :

ਇਹ ਸੰਨ 1708 ਦੇ ਦੂਜੇ ਅੱਧ ਵਾਲੇ ਉਹ ਦਿਨ ਸਨ, ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਮਦਮਾ

ਸਾਹਿਬ ਤੋਂ ਤੁਰ ਕੇ ਦਿੱਲੀ, ਆਗਰਾ, ਚਿਤੌੜ, ਝਾਂਸੀ ਤੋਂ ਲੰਘਦੇ ਹੋਏ ਨਾਂਦੇੜ ਪਹੁੰਚ ਚੁੱਕੇ ਸਨ। ਨਾਂਦੇੜ ਵਿੱਚ ਕੁਝ ਮਹਾਤਮਾ ਅੰਮ੍ਰਿਤ ਵੇਲੇ ਦੇ ਦੀਵਾਨ ਸਮੇਂ ਦਸਮ ਪਾਤਸ਼ਾਹ ਦੇ ਦਰਸ਼ਨ-ਦੀਦਾਰੇ ਕਰਨ ਆਏ, ਸਤਿਗੁਰਾਂ ਨੂੰ ਉਚੇਚ ਨਾਲ ਆਖਣ ਲੱਗੇ ਕਿ ਸਵਾਮੀ ਮਾਧੋ ਦਾਸ ਬੈਰਾਗੀ ਦੇ ਡੇਰੇ ਵੱਲ ਨਾ ਜਾਇਓ, ਉਹ ਗਿਣ-ਮਿਥ ਕੇ ਸਾਧੂ-ਸੰਤਾਂ ਨੂੰ ਬੇਅਦਬ ਕਰਦਾ ਹੈ। ਉਨ੍ਹਾਂ ਦੀ ਗੱਲ ਸੁਣ ਸਤਿਗੁਰੂ ਜੀ ਥੋੜ੍ਹਾ ਜਿਹਾ ਮੁਸਕ੍ਰਾਏ, ਜਿਵੇਂ ਆਖ ਰਹੇ ਹੋਣ ਕਿ ਅਸੀਂ ਤਾਂ ਖਾਸ ਤੌਰ 'ਤੇ ਉਸੇ ਨੂੰ ਮਿਲਣ ਲਈ ਹੀ ਇਤਨਾ ਲੰਮਾ ਪੈਂਡਾ ਤੈਅ ਕਰਕੇ ਆਏ ਹਾਂ।

ਉਸੇ ਦਿਨ ਸੂਰਜ ਦੀ ਟਿੱਕੀ ਉੱਗਣ ਵੇਲੇ ਕਲਗੀਧਰ ਪਾਤਸ਼ਾਹ ਜੀ, ਸਵਾਮੀ ਮਾਧੋ ਦਾਸ ਬੈਰਾਗੀ ਦੇ ਡੇਰੇ ਵਿੱਚ ਉਸ ਦੇ ਆਸਣ ਵਾਲੇ ਪਲੰਘ 'ਤੇ ਬਿਰਾਜਮਾਨ ਸਨ ਅਤੇ ਹਥਿਆਰਬੰਦ ਸਿੰਘਾਂ ਦੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨੇ ਉਸ ਦੇ ਚੇਲਿਆਂ ਨੂੰ ਭੈਭੀਤ ਕੀਤਾ ਹੋਇਆ ਸੀ। ਬੱਕਰੇ ਮਿਆਂਕ ਰਹੇ ਸਨ, ਕੜਾਹੇ ਉਬਲ ਰਹੇ ਸਨ। ਇੱਕ ਚੇਲੇ ਨੇ ਸਵਾਮੀ ਮਾਧੋ ਦਾਸ ਬੈਰਾਗੀ ਦੇ ਵਿਸ਼ਰਾਮ-ਅਸਥਾਨ 'ਤੇ ਜਾ ਕੇ ਡੇਰੇ ਵਿੱਚ ਹੋਈ ਬੀਤੀ ਦੱਸੀ ਤਾਂ ਮਾਧੋ ਦਾਸ ਬੈਰਾਗੀ ਲੋਹਾ-ਲਾਖਾ ਹੋਇਆ ਵਾਹੋਦਾਹੀ ਦੌੜਾ ਆਇਆ। ਉਸ ਨੇ ਮੰਤਰ, ਜੰਤਰ, ਤੰਤਰ ਸਭ ਵਰਤ ਵੇਖੇ, ਗੈਬੀ ਸ਼ਕਤੀਆਂ ਦਾ ਪੂਰਾ ਜ਼ੋਰ ਲਵਾਇਆ, ਆਪਣੇ ਸਾਧੇ ਹੋਏ ਬੀਰਾਂ ਦੀ ਤਾਕਤ ਵੀ ਅਜ਼ਮਾਈ, ਪਰ ਕਲਗੀਧਰ ਪਾਤਸ਼ਾਹ ਜੀ ਆਸਣ 'ਤੇ ਅਡੋਲ ਬੈਠੇ, ਮੁਸਕ੍ਰਾਉਂਦੇ ਰਹੇ। ਮਾਧੋ ਦਾਸ ਹਾਰ-ਹੰਭ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਆ ਡਿੱਗਾ ਅਤੇ ਮੂੰਹੋਂ ਆਪ ਮੁਹਾਰੇ ਬੋਲ ਨਿਕਲੇ, ''ਮੈਨੂੰ ਬਖਸ਼ ਲਓ ਸਤਿਗੁਰੂ ਜੀ, ਮੈਂ ਤੁਹਾਡਾ 'ਬੰਦਾ' ਹਾਂ।''

ਦਸਮ ਪਾਤਸ਼ਾਹ ਜੀ ਨੇ ਥਾਪੜਾ ਦੇ ਕੇ ਉਠਾ ਲਿਆ। ਹਵਾ ਵਿੱਚ ਇਲਾਹੀ ਬੋਲ ਗੂੰਜੇ, ''ਜੇ 'ਬੰਦਾ' ਬਣ ਗਿਆ ਏ ਤਾਂ 'ਬਹਾਦਰ' ਵੀ ਬਣਾਵਾਂਗੇ।''

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਬੋਲ ਮਾਧੋ ਦਾਸ ਦਾ ਮੁਕੱਦਰ ਬਣ ਗਏ ਅਤੇ 'ਬੰਦਾ ਬਹਾਦਰ' ਦਾ ਖਿਤਾਬ ਸਦੀਵ ਲਈ ਉਸ ਦੀ ਸ਼ਖਸੀਅਤ ਦਾ ਹਿੱਸਾ ਬਣ ਗਿਆ। ਸਤਿਗੁਰੂ ਜੀ ਨੇ ਅਸੀਸ ਵਜੋਂ ਮਾਧੋ ਦਾਸ ਦੇ ਸਿਰ 'ਤੇ ਹੱਥ ਰੱਖਿਆ। ਸਤਿਗੁਰੂ ਜੀ ਦੀ ਛੋਹ ਨੇ ਉਸ ਦੇ ਕਪਾਟ ਖੋਲ੍ਹ ਦਿੱਤੇ। ਉਸ ਦਾ ਰੋਮ-ਰੋਮ ਅਨੰਦਿਤ ਹੋ ਗਿਆ। ਮਾਧੋ ਦਾਸ ਨੂੰ ਹੁਣ ਤੱਕ ਕਰੜੀ ਘਾਲਣਾ ਨਾਲ ਪ੍ਰਾਪਤ ਕੀਤੀਆਂ ਰਿੱਧੀਆਂ-ਸਿੱਧੀਆਂ ਇਸ ਅਗੰਮੀ ਸਵਾਦ ਸਾਹਮਣੇ ਫਿੱਕੀਆਂ ਜਾਪੀਆਂ। ਸਾਰੇ ਜੰਤਰ, ਮੰਤਰ, ਤੰਤਰ ਫੋਕੇ ਜਾਪੇ। ਗੈਬੀ ਸ਼ਕਤੀਆਂ ਅਤੇ ਸਾਧੇ ਹੋਏ ਬੀਰਾਂ ਸਮੇਤ ਇਸ ਵਿਸਮਾਦੀ ਅਨੰਦ ਦੇ ਅੱਗੇ ਸਭ ਕੁਝ ਊਣਾ ਸੀ। ਉਹ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਲਟਬੌਰਾ ਹੋਇਆ ਆਖ ਰਿਹਾ ਸੀ, ''ਸਤਿਗੁਰੂ ਜੀ, ਮੈਨੂੰ ਖੰਡੇ ਦੀ ਪਾਹੁਲ ਬਖਸ਼ ਕੇ ਆਪਣਾ ਬਣਾ ਲਵੋ ਅਤੇ ਸਦਾ ਲਈ ਇਸ ਇਲਾਹੀ ਅਨੰਦ ਨਾਲ ਜੋੜ ਦੇਵੋ।''

ਪੰਜਾਂ ਪਿਆਰਿਆਂ ਨੇ ਵਿਧੀਵਤ ਪੰਜ ਬਾਣੀਆਂ 'ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਯੈ, ਚੌਪਈ ਸਾਹਿਬ ਅਤੇ ਅਨੰਦੁ ਸਾਹਿਬ ਦਾ ਪਾਠ ਕਰਕੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ। ਅੰਮ੍ਰਿਤ ਛਕਾਉਣ ਉਪਰੰਤ ਕਲਗੀਧਰ ਪਾਤਸ਼ਾਹ ਜੀ ਨੇ ਬਖਸ਼ਿਸ਼ ਕਰਕੇ ਮਾਧੋ ਦਾਸ ਬੈਰਾਗੀ ਨੂੰ 'ਗੁਰਬਖਸ਼ ਸਿੰਘ' ਦਾ ਨਾਂ ਬਖਸ਼ਿਆ। ਇਹ ਗੱਲ ਵੱਖਰੀ ਕਿ ਕਲਗੀਧਰ ਪਾਤਸ਼ਾਹ ਜੀ ਵੱਲੋਂ ਦਿੱਤਾ 'ਬੰਦਾ ਬਹਾਦਰ' ਦਾ ਲਕਬ (ਖਿਤਾਬ) ਉਨ੍ਹਾਂ ਦੇ ਨਾਂ ਨਾਲੋਂ ਵਧੇਰੇ ਮਸ਼ਹੂਰ ਹੋਇਆ ਅਤੇ ਸਦਾ ਉਸ ਦੀ ਰੂਹ ਦੇ ਅੰਗ-ਸੰਗ ਰਿਹਾ।

*—ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

**ਪਿਆਰੇ ਪਾਠਕੋ, ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਹ ਸਵਾਲ ਜਵਾਬ ਸਹਿਤ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪੇ ਜਾ ਰਹੇ ਹਨ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 466 ਸਵਾਲਾਂ ਦੇ ਜਵਾਬ ਛਾਪੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।**

*—ਬੀਬੀ ਜਤਿੰਦਰ ਕੌਰ (ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ*
*ਪਿਛਲਾ ਅੰਕ ਦੇਖੋ ਜੀ :-*

467. **ਸਵਾਲ :** ਸਤਿਕਾਰਯੋਗ ਵੀਰ ਜੀ, ਅਸੀਂ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਾਂ ਪਰ ਸਿੱਖੀ ਦੀ ਮੁੱਖ ਨਿਸ਼ਾਨੀ ਕੀ ਹੈ? ਸਿੱਖੀ ਦਾ ਮੂਲ ਕੀ ਹੈ?

**ਜਵਾਬ :** ਪਿਛਲੇ ਅੰਕ ਤੋਂ ਇਹ ਵਿਚਾਰ ਚੱਲ ਰਹੀ ਸੀ ਕਿ ਸਿੱਖੀ ਦਾ ਮੂਲ ਕੀ ਹੈ? ਕੋਈ ਕਹੇ ਕਿ ਮੈਂ ਸਿੱਖ ਹਾਂ, ਉਸ ਦੀ ਨਿਸ਼ਾਨੀ ਕੀ ਹੈ? ਜਿਵੇਂ ਕਿ ਬੇਨਤੀ ਕੀਤੀ ਸੀ ਕਿ ਬਾਹਰੀ ਪਹਿਰਾਵਾ ਵੀ ਜ਼ਰੂਰੀ ਹੈ ਪਰ ਗੱਲ ਸਾਰੀ ਅੰਦਰ ਦੀ ਹੈ। ਹਰ ਸਿੱਖ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿੱਖੀ ਦਾ ਮੂਲ ਕੀ ਹੈ? ਬੜਾ ਪਿਆਰਾ ਤੇ ਜ਼ਰੂਰੀ ਵਿਸ਼ਾ ਹੈ।

ਇਤਿਹਾਸ ਵਿੱਚੋਂ ਪਿਛਲੇ ਅੰਕ ਤੋਂ ਗੁਰੂ ਸਾਹਿਬ ਵਿਚਾਰ ਸਾਂਝੀ ਕਰਵਾ ਰਹੇ ਸਨ ਕਿ ਲਖਨਊ ਸ਼ਹਿਰ ਦੇ ਰਹਿਣ ਵਾਲੇ, ਨਾਮ ਨਾਲ ਰੰਗੀ ਰੂਹ ਭਾਈ ਚੂਹੜ ਜੀ ਨੇ ਜਦ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਵਾਲ ਪੁੱਛਿਆ ਕਿ ਮਹਾਰਾਜ ਜੀ ਸਿੱਖੀ ਦਾ ਮੂਲ ਕੀ ਹੈ? ਮਹਾਰਾਜ ਜੀ ਨੇ ਤਿੰਨ ਨਿਸ਼ਾਨੀਆਂ ਦੱਸੀਆਂ। ਪਹਿਲੀ ਨਿਸ਼ਾਨੀ- ਮਨ ਨੀਵਾਂ ਰੱਖਣਾ ਤੇ ਕਿਸੇ ਦੀ ਖ਼ੁਸ਼ੀ ਲਿਤਾੜ ਕੇ ਖ਼ੁਸ਼ੀ ਨਹੀਂ ਲੈਣੀ। ਇਸਦੀ ਵਿਚਾਰ ਪਿਛਲੇ ਅੰਕ ਵਿੱਚ ਗੁਰੂ ਸਾਹਿਬ ਜੀ ਨੇ ਸੇਵਾ ਲਈ ਹੈ।

ਹੁਣ ਇਸ ਅੰਕ ਵਿੱਚ ਸਤਿਗੁਰੂ ਜੀ ਦੂਸਰੀ ਨਿਸ਼ਾਨੀ ਤੇ ਵਿਚਾਰ ਸਾਂਝੀ ਕਰਵਾਉਣ। ਮਹਾਰਾਜ ਜੀ ਨੇ ਦੂਸਰੀ ਨਿਸ਼ਾਨੀ ਦੱਸੀ, ਸਤਿਸੰਗਤ ਕਰਨੀ ਤੇ ਸੰਗਤ ਦੀ ਪ੍ਰਸੰਨਤਾ ਲੈਣੀ, ਇਹ ਵੀ ਸਿੱਖੀ ਦਾ ਮੁੱਢ ਹੈ। ਜ਼ਰੂਰੀ ਤੋਂ ਜ਼ਰੂਰੀ ਕੰਮ ਵੀ ਹੋਵੇ ਤੇ ਪਿੱਛੇ ਪਾ ਦੇਣਾ ਪਰ ਸੰਗਤ ਦੀਆਂ ਘੜੀਆਂ ਨਾ ਛੱਡਣਾ। ਕੰਮ ਨਹੀਂ ਮੁੱਕਣ ਲੱਗੇ।

ਮਹਾਂਪੁਰਸ਼ ਬਚਨ ਕਰਦੇ ਸੀ, ਕਿਸੇ ਨੇ ਆਪਣੇ ਭਾਗ ਚੈੱਕ ਕਰਨੇ ਹੋਣ ਤੇ ਇੰਝ ਕਰ ਸਕਦੇ ਹੋ। ਜਦੋਂ ਸਤਿਸੰਗ ਦੀਆਂ ਘੜੀਆਂ ਨਸੀਬ ਹੋਣ ਤੇ ਸਮਝ ਲੈਣਾ ਕੋਈ ਚੰਗਾ ਭਾਗ ਉੱਤੇ ਆਇਆ ਹੈ ਪਰ ਜਦੋਂ ਮਿਲੀ ਹੋਈ ਸੰਗਤ ਵੀ ਛੁੱਟ ਜਾਵੇ ਤਾਂ ਸਮਝ ਲੈਣਾ ਮੰਦੇ ਭਾਗ ਅੱਗੇ ਆ ਰਹੇ ਹਨ। ਇਸ ਲਈ ਇਹ ਜ਼ਰੂਰ ਅਰਦਾਸ

ਕਰਿਆ ਕਰੋ, ਤੇਰੀਆਂ ਸੰਗਤਾਂ ਦੀ ਚਰਨ ਧੂੜ ਮਿਲਦੀ ਰਹੇ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਿਆਰ ਭਰਿਆ ਫੈਸਲਾ ਹੈ :

*ਸਾਧਸੰਗਤਿ ਤੇ ਸਭ ਫਲ ਪਾਏ*
*ਸਤਿਗੁਰ ਕੈ ਬਲਿ ਜਾਂਈ॥*

*(ਅੰਗ ੬੨੦)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਸੋਚ ਆਈ ਕਿ ਨਾਮ ਕਿੱਥੇ ਟਿਕਾਵਾਂ? ਤੇ ਨਾਮ ਇੱਥੇ ਟਿਕਾਇਆ ਹੈ, ਸੰਗਤ ਵਿੱਚ। ਨਾਮ ਦੇ ਸੰਭਾਲਣ ਲਈ ਵੀ ਜਗ੍ਹਾ ਚਾਹੀਦੀ ਸੀ। ਸੰਗਤ ਵਿੱਚ ਟਿਕਾਇਆ ਹੈ ਨਾਮ ਨੂੰ। ਕਦੀ ਨੋਟ ਕਰਨਾ, ਵੱਡੇ-ਵੱਡੇ ਮਹਾਂਪੁਰਸ਼ ਸਿਰੇ ਦੀ ਅਵਸਥਾ ਤੇ ਵੀ ਪਹੁੰਚ ਗਏ ਪਰ ਉਹ ਵੀ ਸੰਗਤ ਕਰਦੇ ਸੀ। ਸਤਿਸੰਗਤ ਵਿੱਚ ਆ ਕੇ ਹੀ ਆਤਮਿਕ ਭੁੱਖ ਪੂਰੀ ਹੁੰਦੀ ਹੈ ਕਿਉਂਕਿ ਇੱਥੇ ਗੁਰੂ ਸਾਹਿਬ ਨੇ ਨਾਮ ਟਿਕਾਇਆ ਹੈ। ਅਭਿਆਸੀ ਸਾਧਕ ਬੈਠਾ ਹੋਵੇ, ਉਸਦੀ ਤੇ ਉਹ ਗੱਲ ਬਣ ਜਾਂਦੀ ਹੈ :

*ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥*

*(ਅੰਗ ੧੩੬੫)*

ਅਭਿਆਸੀ ਜਦੋਂ ਸਤਿਸੰਗ ਕਰਦਾ ਹੈ, ਕੀਰਤਨ ਸਰਵਨ ਕਰ ਰਿਹਾ ਹੁੰਦਾ ਹੈ, ਉਸਦਾ ਨਾਲ ਰੋਮ-ਰੋਮ ਰਾਹੀਂ ਸਿਮਰਨ ਚੱਲ ਰਿਹਾ ਹੁੰਦਾ ਹੈ ਕਿਉਂਕਿ ਸੰਗਤ ਵਿੱਚ ਨਾਮ ਟਿਕਾਇਆ ਹੈ। ਐਵੇਂ ਨਹੀਂ ਇੰਨੀ ਮਹਾਨਤਾ ਦਿੱਤੀ ਸੰਗਤ ਨੂੰ। ਪਰ ਇਸ ਵਿੱਚ ਨਾਲ ਇਹ ਵੀ ਜ਼ਰੂਰ ਧਿਆਨ ਰੱਖਣਾ ਹੈ, ਪ੍ਰਸੰਨਤਾ ਲੈਣੀ ਹੈ ਸੰਗਤ ਦੀ। ਉਹ ਪ੍ਰਸੰਨਤਾ ਭਾਵੇਂ ਰਸਨਾ ਰਾਹੀਂ ਲਈ ਜਾਵੇ, ਭਾਵੇਂ ਜੋੜੇ ਝਾੜ ਕੇ ਜਾਂ ਕਿਸੇ ਹੋਰ ਤਰ੍ਹਾਂ ਦੀ ਸੇਵਾ ਕਰਕੇ ਲਈ ਜਾਵੇ। ਸੰਗਤ ਦੀ ਪ੍ਰਸੰਨਤਾ ਬਹੁਤ ਵੱਡੀ ਹੈ। ਸਿੱਖ ਹਰ ਵੇਲੇ ਇਹ ਲੱਭਣ ਦਾ ਯਤਨ ਕਰੇ ਕਿ ਸੰਗਤ ਦੀ ਪ੍ਰਸੰਨਤਾ ਕਿਵੇਂ ਮਿਲ ਸਕਦੀ ਹੈ?

ਇਤਿਹਾਸ ਵਿੱਚ ਇੱਕ ਸਾਖੀ ਆਉਂਦੀ ਹੈ। ਮਾਲਵੇ ਦੇ ਰਹਿਣ ਵਾਲੇ ਭਾਈ ਆਦਮ ਜੀ, ਪੁੱਤਰ ਦੀ ਲਾਲਸਾ 'ਚ ਕਈ ਦੁਆਰੇ ਗਾਹੇ ਪਰ ਖੈਰ ਕਿਧਰੋਂ ਵੀ ਝੋਲੀ 'ਚ ਨਾ ਪਈ। ਇੱਕ ਦਿਨ ਇੱਕ ਗੁਰਸਿੱਖ ਦੇ ਦਰਸ਼ਨ ਹੋਏ। ਉਸ ਨੂੰ ਘਰ ਬੁਲਾ ਕੇ ਪ੍ਰਸ਼ਾਦਾ ਛਕਾਇਆ ਤੇ ਬੇਨਤੀ ਕੀਤੀ ਗੁਰਸਿੱਖਾ! ਸਾਡੀ ਅਰਦਾਸ ਕਰ। ਸਾਡੇ ਘਰ ਔਲਾਦ ਨਹੀਂ। ਉਸ ਗੁਰਸਿੱਖ ਨੇ ਰਸਤਾ ਬਤਾਇਆ, ਸ੍ਰੀ ਅੰਮ੍ਰਿਤਸਰ ਜਾਵੋ, ਉੱਥੇ ਚੌਥੇ ਗੁਰੂ ਨਾਨਕ, ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਆਪ ਪ੍ਰਮੇਸ਼ਰ ਧਰਤੀ ਤੇ ਆਇਆ ਹੈ, ਉਨ੍ਹਾਂ ਦੇ ਚਰਨਾਂ ਵਿੱਚ ਜੋਦੜੀ ਕਰੋ, ਜ਼ਰੂਰ ਸੁਣੀ ਜਾਵੇਗੀ। ਸ੍ਰੀ ਅੰਮ੍ਰਿਤਸਰ ਪਹੁੰਚ ਗਏ ਭਾਈ ਆਦਮ ਜੀ। ਕਿਸੇ ਗੁਰਸਿੱਖ ਨਾਲ ਮੇਲ ਹੋਇਆ ਤੇ ਭਾਈ ਆਦਮ ਜੀ ਨੇ ਪੁੱਛਿਆ ਕਿ ਚੌਥੇ ਪਾਤਸ਼ਾਹ ਕਿੱਥੇ ਮਿਲਣਗੇ? ਉਸ ਗੁਰਸਿੱਖ ਨੇ ਸਹਿਜ ਸੁਭਾਅ ਪੁੱਛ ਲਿਆ ਕਿ ਕਿੱਥੋਂ ਆਏ ਹੋ, ਕਿਵੇਂ ਆਏ ਹੋ? ਭਾਈ ਆਦਮ ਜੀ ਕਹਿਣ ਲੱਗੇ, ਮਾਲਵੇ ਤੋਂ ਆਏ ਹਾਂ। ਘਰ ਪੁੱਤਰ ਨਹੀਂ। ਕਈ ਦੁਆਰੇ ਗਾਹੇ ਹਨ ਪਰ ਭਾਵਨਾ ਪੂਰੀ ਨਹੀਂ ਹੋਈ। ਇੱਕ ਗੁਰਮੁੱਖ ਪਿਆਰੇ ਨੇ ਸੋਝੀ ਬਖਸ਼ੀ ਹੈ ਕਿ ਮੈਨੂੰ ਤੇ ਮੇਰੀ ਪਤਨੀ ਨੂੰ ਸ੍ਰੀ ਅੰਮ੍ਰਿਤਸਰ ਭੇਜਿਆ, ਚੌਥੇ ਪਾਤਸ਼ਾਹ ਜੀ ਦੇ ਚਰਨਾਂ 'ਚ ਕੋਈ ਖਾਲੀ ਨਹੀਂ ਜਾਂਦਾ। ਇਸ ਕਰਕੇ ਚੌਥੇ ਪਾਤਸ਼ਾਹ ਜੀ ਨੂੰ ਮਿਲਣਾ ਹੈ। ਜਿਸ ਨਾਲ ਗੱਲ ਕਰ ਰਹੇ ਹਨ ਉਹ ਸਿੱਖ ਅਵਸਥਾ ਵਾਲਾ ਸੀ। ਆਪਸੀ ਗੱਲ ਬਾਤ ਕਰਦਿਆਂ ਸਿੱਖ ਨੂੰ ਭਾਈ ਆਦਮ ਜੀ ਤੇ ਤਰਸ ਆ ਗਿਆ। ਸਿੱਖ ਕਹਿਣ ਲੱਗਾ, ਭਾਈ ਆਦਮ ਜੀ, ਆਪ ਜੀ ਬੇਨਤੀ ਕਰੋ ਚੌਥੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਪਰ ਇਹ ਵੀ ਹੋ ਸਕਦਾ ਹੈ ਕਿ ਤੁਸੀਂ ਬੇਨਤੀ ਕਰੋ, ਅੱਗੇ ਮਹਾਰਾਜ ਜੀ, ਨਾ ਹਾਂ ਕਰਨ, ਨਾ ਨਾਂਹ ਕਰਨ। ਫਿਰ ਕੀ ਕਰੋਗੇ? ਭਾਈ ਆਦਮ ਜੀ ਕਹਿਣ ਲੱਗੇ ਕਿ ਫਿਰ ਮੈਂ ਕੀ ਕਰਾਂ? ਉਹ ਸਿੱਖ ਜੁਗਤੀ ਵਾਲਾ ਸੀ। ਕਹਿਣ ਲੱਗਾ, ਇੱਕ ਕੰਮ ਕਰੋ ਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰੋਂ ਫਿਰ ਖਾਲੀ ਨਹੀਂ ਜਾਓਗੇ। ਭਾਈ ਆਦਮ ਜੀ ਨੂੰ ਆਸ ਦੀ ਕਿਰਨ ਨਜ਼ਰ ਆਈ। ਕਹਿਣ ਲੱਗੇ, ਦੱਸੋ, ਫਿਰ ਮੈਂ ਕੀ ਕਰਾਂ? ਉਸ ਗੁਰਸਿੱਖ ਨੇ ਰਸਤਾ ਦੱਸਿਆ ਕਿ ਆਪਣੇ ਗੁਜਾਰੇ ਲਈ ਹੱਥੀਂ ਕਿਰਤ ਵੀ ਕਰੋ ਤੇ ਨਾਲ-ਨਾਲ ਗੁਰੂ ਘਰ ਸੇਵਾ ਵੀ ਕਰੋ। ਸੇਵਾ ਇਹੋ ਜਿਹੇ ਢੰਗ ਨਾਲ ਕਰੋ ਕਿ ਜਿਸ ਨਾਲ ਸੰਗਤ ਦੀ ਪ੍ਰਸੰਨਤਾ ਮਿਲੇ। ਜਿੱਥੇ ਸੰਗਤ ਦੀ ਪ੍ਰਸੰਨਤਾ ਆ ਜਾਵੇ ਉੱਥੇ ਫਿਰ ਗੁਰੂ ਸਾਹਿਬ ਜੀ ਆਪ ਤੁੱਠ ਕੇ ਪੁੱਛਦੇ ਹਨ ਕਿ ਕੀ ਮੰਗਦਾ ਹੈਂ? ਫੇਰ ਖਾਲੀ ਨਹੀਂ ਜਾਵੋਗੇ।

ਭਾਈ ਆਦਮ ਜੀ ਹੁਣ ਸੋਚਦੇ ਹਨ ਕਿ ਅਜਿਹਾ ਕੀ ਕੰਮ ਕਰਾਂ ਜਿਸ ਨਾਲ ਹੱਥੀਂ ਕਿਰਤ ਵੀ ਹੋਈ ਜਾਵੇ ਤੇ ਨਾਲ-ਨਾਲ ਸੇਵਾ ਵੀ ਹੋਈ ਜਾਵੇ। ਫਿਰ ਸੋਚ

ਵਿਚਾਰ ਕਰਕੇ ਲੰਗਰ ਵਿੱਚ ਲੱਕੜਾਂ ਪਹੁੰਚਾਉਣ ਦੀ ਸੇਵਾ ਝੋਲੀ ਪੁਆ ਲਈ। ਭਾਈ ਆਦਮ ਜੀ ਚਾਟੀਵਿੰਡ ਪਿੰਡ ਅਤੇ ਗਿਲਵਾਲੀ ਪਿੰਡ ਹੁਣ ਜਿਸ ਦਾ ਨਾਮ ਗੁਰਵਾਲੀ ਪਿੰਡ ਹੈ ਤੋਂ ਲੱਕੜਾਂ ਇਕੱਠੀਆਂ ਕਰਦੇ ਹਨ। ਇੱਕ ਢੇਰੀ ਆਪਣੇ ਰਹਿਣ ਲਈ ਜਿੱਥੇ ਜਗ੍ਹਾ ਬਣਾਈ ਸੀ, ਉੱਥੇ ਸੁੱਟਦੇ ਹਨ ਤੇ ਉਹ ਵੇਚ ਕੇ ਘਰ ਦਾ ਗੁਜ਼ਾਰਾ ਕਰਦੇ ਹਨ ਤੇ ਦੂਜੀ ਢੇਰੀ ਗੁਰੂ ਕੇ ਲੰਗਰ ਵਿੱਚ ਸੁੱਟਦੇ ਹਨ। ਸਮਾਂ ਬੀਤਦਾ ਗਿਆ। ਹੁਣ ਉਹ ਸਮਾਂ ਆ ਗਿਆ ਜਦੋਂ ਸੇਵਾ ਨੂੰ ਫਲ ਲੱਗਣਾ ਹੈ। ਕੁਦਰਤ ਦੀ ਨੇਤ, ਇੱਕ ਦਿਨ ਬਾਰਸ਼ ਬਹੁਤ ਤੇਜ਼ ਹੋਈ ਤੇ ਇਧਰ ਲੰਗਰ ਦੀਆਂ ਸਾਰੀਆਂ ਲੱਕੜਾਂ ਗਿੱਲੀਆਂ ਹੋ ਗਈਆਂ। ਸੰਗਤਾਂ ਬਾਹਰੋਂ ਬਹੁਤ ਆਈਆਂ ਸਨ। ਉਸ ਸਮੇਂ ਇੰਨੇ ਕਮਰੇ ਨਹੀਂ ਸੀ ਹੁੰਦੇ ਤੇ ਖੁੱਲ੍ਹੇ ਵਿੱਚ ਹੀ ਵਿਛਾਈ ਹੁੰਦੀ ਸੀ। ਬਾਰਸ਼ ਹੋਣ ਕਰਕੇ ਠੰਡ ਬਹੁਤ ਹੋ ਗਈ ਸੀ। ਸੰਗਤਾਂ ਠੰਡ ਨਾਲ ਠਰ ਰਹੀਆਂ ਸਨ। ਭਾਈ ਆਦਮ ਜੀ ਨੇ ਦੇਰ ਨਾ ਕੀਤੀ। ਵੇਖਿਆ ਸੰਗਤਾਂ ਠਰ ਰਹੀਆਂ ਹਨ, ਜਿੰਨੀ ਲੱਕੜੀ ਉਨ੍ਹਾਂ ਦੇ ਘਰ ਪਈ ਸੀ, ਸੋਚਿਆ ਵੀ ਨਹੀਂ, ਝਟਪਟ ਲਿਆ ਕੇ ਥਾਂ-ਥਾਂ ਅੱਗ ਬਾਲ ਦਿੱਤੀ। ਸੰਗਤਾਂ ਅੱਗ ਸੇਕਣ ਤੇ ਨਾਲੇ ਕੀਰਤਨ ਕਰਨ ਲੱਗ ਪਈਆਂ। ਹੁਣ ਲੱਕੜਾਂ ਨੇ ਤਾਂ ਖਤਮ ਹੋਣਾ ਹੀ ਸੀ। ਭਾਈ ਆਦਮ ਜੀ ਨੇ ਦੇਖਿਆ ਕਿ ਲੱਕੜਾਂ ਖਤਮ ਹੋ ਗਈਆਂ ਹਨ। ਹੁਣ ਜਿਹੜਾ ਅਗਲਾ ਕਦਮ ਭਾਈ ਆਦਮ ਜੀ ਨੇ ਕੀ ਚੁੱਕਿਆ? ਇਹ ਕੋਈ-ਕੋਈ ਕਰ ਸਕਦਾ ਹੈ। ਆਪਣੇ ਘਰ ਦੇ ਸਾਰੇ ਬੂਹੇ ਬਾਰੀਆਂ, ਚੁਗਾਠਾਂ ਤੱਕ ਪੁੱਟ ਦਿੱਤੀਆਂ ਤੇ ਲਿਆ ਕੇ ਸਾਰੀ ਲੱਕੜ ਬਾਲ ਦਿੱਤੀ। ਸਿਰਫ ਇਸ ਵਾਸਤੇ ਕਿ ਸੰਗਤ ਨੂੰ ਕੋਈ ਪਰੇਸ਼ਾਨੀ ਨਾ ਆਵੇ। ਸੰਗਤ ਦੀ ਪ੍ਰਸੰਨਤਾ ਮਿਲੇ। ਸੰਗਤਾਂ ਜਿਹੜੇ ਅਨੰਦ ਵਿੱਚ ਜੁੜੀਆਂ ਬੈਠੀਆਂ ਹਨ ਇਨ੍ਹਾਂ ਦੀ ਸੇਵਾ ਕਮਾ ਕੇ ਖੁਸ਼ੀ ਲੈ ਲਵਾਂ।

ਜਦੋਂ ਰਾਤ ਦੇ ਤਕਰੀਬਨ ਇੱਕ ਵਜੇ ਗੁਰੂ ਸਾਹਿਬ ਉਧਰੋਂ ਲੰਘੇ। ਵੇਖਿਆ ਥਾਂ-ਥਾਂ ਤੇ ਲੱਕੜੀਆਂ ਬਲ ਰਹੀਆਂ ਹਨ ਤੇ ਢੋਲਕੀਆਂ-ਛੈਣਿਆਂ ਨਾਲ ਸੰਗਤਾਂ ਕੀਰਤਨ ਕਰ ਰਹੀਆਂ ਹਨ। ਮਹਾਰਾਜ ਜੀ ਸੇਵਾਦਾਰ ਨੂੰ ਪੁੱਛਦੇ ਹਨ, ਅਸੀਂ ਤੇ ਸੁਣਿਆ ਸੀ ਕਿ ਸੰਗਤ ਬੜੀ ਪਰੇਸ਼ਾਨ ਹੈ, ਪਰ ਇੱਥੇ ਤੇ ਸੰਗਤ ਕੀਰਤਨ ਦਾ ਅਨੰਦ ਮਾਣ ਰਹੀ ਹੈ, ਕੀਰਤਨ ਹੋ ਰਿਹਾ ਹੈ। ਉਹ ਸਮਾਂ ਬਣਿਆ ਪਿਆ ਸੀ :

*ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ॥*

*(ਵਾਰ : ੧੦, ਪਉੜੀ ੧੬)*

ਮਹਾਰਾਜ ਜੀ ਸੇਵਾਦਾਰ ਨੂੰ ਕਹਿਣ ਲੱਗੇ, ਇਹ ਸਭ ਕਿਸ ਨੇ ਕੀਤਾ ਹੈ? ਸਿੱਖਾਂ ਨੇ ਦੱਸਿਆ, ਭਾਈ ਆਦਮ ਨਾਂ ਦਾ ਇੱਕ ਸਰੀਰ ਮਾਲਵੇ ਤੋਂ ਆਇਆ ਹੈ। ਲੰਗਰ ਵਿੱਚ ਲੱਕੜਾਂ ਪਹੁੰਚਾਉਂਦਾ ਹੈ। ਲੰਗਰ ਦੀ ਲੱਕੜ ਗਿੱਲੀ ਹੋ ਗਈ ਸੀ ਤੇ ਉਸ ਨੇ ਲੱਕੜੀ ਘਰੋਂ ਲਿਆ ਕੇ ਥਾਂ-ਥਾਂ ਤੇ ਬਾਲੀ ਹੈ। ਸਿੱਖ ਕਹਿਣ ਲੱਗਾ ਕਿ ਉਸਨੇ ਤਾਂ ਆਪਣੇ ਘਰ ਦੀਆਂ ਚੁਗਾਠਾਂ, ਬੂਹੇ, ਬਾਰੀਆਂ ਤੱਕ ਪੁੱਟ ਕੇ ਬਾਲ ਦਿੱਤੀਆਂ ਹਨ। ਆ ਗਏ ਮੌਜ ਵਿੱਚ, ਮਹਾਰਾਜ ਜੀ। ਸਵੇਰ ਹੁੰਦਿਆਂ ਹੀ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਨੇ ਭਾਈ ਆਦਮ ਜੀ ਨੂੰ ਭਰੇ ਦੀਵਾਨ ਵਿੱਚ ਬੁਲਾਇਆ ਤੇ ਕਿਹਾ, ਭਾਈ ਆਦਮ ਤੂੰ ਧੰਨ ਗੁਰੂ ਨਾਨਕ ਸਾਹਿਬ ਦੀਆਂ ਸੰਗਤਾਂ ਦੀ ਪ੍ਰਸੰਨਤਾ ਲਈ ਹੈ। ਦੱਸ, ਕਿਹੜੀ ਮਨਸ਼ਾ ਧਾਰ ਕੇ ਸੇਵਾ ਕੀਤੀ ਹੈ। ਦੇਖ ਲਓ ਸੰਗਤ ਦੀ ਸੇਵਾ ਇਤਨੀ ਵੱਡੀ ਹੈ ਕਿ ਮਹਾਰਾਜ ਜੀ ਗੁਰਬਾਣੀ ਦਾ ਫੁਰਮਾਨ ਕਰਦੇ ਹਨ :

*ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥*

*(ਅੰਗ ੬੨੫)*

ਜਿਹੜਾ ਸੰਗਤ ਦੀ ਪ੍ਰਸੰਨਤਾ ਲੈ ਲੈਂਦਾ ਹੈ ਮਹਾਰਾਜ ਜੀ ਕਹਿੰਦੇ, ਉਸਦਾ ਪ੍ਰਮੇਸ਼ਰ ਸਾਥੀ ਬਣ ਜਾਂਦਾ ਹੈ।

*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥*
*ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥*

*(ਅੰਗ ੧੦)*

ਆਪ ਸਤਿਗੁਰੂ ਜੀ ਨੇ ਭਾਈ ਆਦਮ ਜੀ ਨੂੰ ਬੁਲਾ ਕੇ ਕਿਹਾ, ਦੱਸ ਕੀ ਚਾਹੀਦਾ ਹੈ? ਤੂੰ ਸੰਗਤ ਨੂੰ ਪ੍ਰਸੰਨ ਕੀਤਾ ਹੈ। ਗੁਰੂ ਨਾਨਕ ਸਾਹਿਬ ਦਾ ਘਰ ਤੇਰੇ ਤੇ ਪ੍ਰਸੰਨ ਹੈ। ਹੁਣ ਸੋਚਣ ਵਾਲੀ ਗੱਲ ਹੈ ਇੱਕ ਰਾਤ ਸਿਰਫ ਸੰਗਤ ਦੀ ਖੁਸ਼ੀ ਲਈ ਭਾਈ ਆਦਮ ਜੀ ਨੇ ਤੇ ਗੁਰੂ ਸਾਹਿਬ ਹੁਣ ਆਪ ਬੁਲਾ ਕੇ ਪੁੱਛਦੇ ਹਨ, ਕੀ ਚਾਹੀਦਾ ਹੈ? ਭਾਈ ਆਦਮ ਜੀ ਹੁਣ ਝੱਕ ਗਏ। ਬੇਨਤੀ ਕੀਤੀ ਕਿ ਘਰ ਵਾਲੀ ਨੂੰ ਪੁੱਛ ਕੇ ਦੱਸਾਂਗਾ। ਜਾਣੀ ਜਾਣ ਮਹਾਰਾਜ ਜੀ ਹੱਸ ਪਏ, ਆਗਿਆ ਦਿੱਤੀ।

ਅਗਲੇ ਦਿਨ ਭਾਈ ਆਦਮ ਜੀ ਆਪਣੀ ਘਰ

ਵਾਲੀ ਨੂੰ ਨਾਲ ਲੈ ਕੇ ਆਏ ਤੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਰੋ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! ਸਾਡੇ ਘਰ ਔਲਾਦ ਕੋਈ ਨਹੀਂ। ਮਹਾਰਾਜ ਜੀ ਨੇ ਨੇਤਰ ਬੰਦ ਕੀਤੇ, ਕੁਝ ਸਮੇਂ ਬਾਅਦ ਨੇਤਰ ਖੋਲ੍ਹੇ ਤੇ ਬਚਨ ਕੀਤਾ, ਭਾਈ ਆਦਮ ਸੱਤ ਜਨਮਾਂ ਤੱਕ ਤੇਰੇ ਘਰ ਔਲਾਦ ਨਹੀਂ ਪਰ ਤੂੰ ਗੁਰੂ ਨਾਨਕ ਮਹਾਰਾਜ ਦੀਆਂ ਸੰਗਤਾਂ ਦੀ ਪ੍ਰਸੰਨਤਾ ਲਈ ਹੈ, ਅਸੀਂ ਆਪਣਾ ਚੌਥਾ ਪੁੱਤਰ ਤੇਰੇ ਘਰ ਭੇਜਦੇ ਹਾਂ। ਸਤਿਗੁਰੂ ਜੀ ਨੇ ਪੁੱਤਰ ਦਾ ਬਚਨ ਦਿੱਤਾ ਕਿ ਪੁੱਤਰ ਹੋਵੇਗਾ ਪਰ ਭਾਈ ਆਦਮ ਜੀ ਦੀ ਘਰ ਵਾਲੀ ਦੇ ਮਨ ਵਿੱਚ ਤ੍ਰੇੜ ਆ ਗਈ। ਅੱਗੇ ਵੀ ਬੜਿਆਂ ਨੇ ਇਹੀ ਕਿਹਾ ਕਿ ਪੁੱਤਰ ਹੋਵੇਗਾ ਪਰ ਹੋਇਆ ਨਹੀਂ। ਜਦੋਂ ਮਨ 'ਚ ਤ੍ਰੇੜ ਆ ਜਾਵੇ ਤੇ ਫਿਰ ਪ੍ਰਾਪਤੀ ਨਹੀਂ ਹੁੰਦੀ। ਅੰਤਰਯਾਮੀ ਸੱਚੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਆਪ ਆਵਾਜ਼ ਮਾਰ ਕੇ ਤ੍ਰੇੜ ਭਰੀ। ਮਹਾਰਾਜ ਕਹਿਣ ਲੱਗੇ, ਅੱਜ ਤੱਕ ਰਿਵਾਜ ਹੈ ਬੱਚਾ ਹੋਣ ਤੋਂ ਬਾਅਦ ਨਾਮ ਰੱਖਦੇ ਹਨ। ਅਸੀਂ ਪਹਿਲੇ ਹੀ ਨਾਮ ਰੱਖ ਦਿੰਦੇ ਹਾਂ, ਉਸ ਬੱਚੇ ਦਾ ਨਾਮ ਭਾਈ ਭਗਤੂ ਰੱਖਿਓ। ਬਹੁਤ ਕਰਨੀ ਕਮਾਈ ਵਾਲਾ ਹੋਵੇਗਾ। ਉਸਦੀ ਵੀ ਅੱਗੋਂ ਕੁਲ ਚੱਲੇਗੀ ਤੇ ਦਸਵੇਂ ਜਾਮੇ ਵਿੱਚ ਅਸੀਂ ਆਪ ਉਸ ਪਾਸੋਂ ਸੇਵਾ ਵੀ ਲਵਾਂਗੇ। ਭਾਈ ਭਗਤੂ ਜੀ ਦਾ ਅੱਗੋਂ ਪੁੱਤਰ ਹੋਇਆ ਹੈ ਭਾਈ ਗੋਰਾ ਜੀ। ਭਾਈ ਗੋਰੇ ਜੀ ਦਾ ਅੱਗੋਂ ਪੁੱਤਰ ਹੋਇਆ ਹੈ ਭਾਈ ਦਿਆਲ ਜੀ। ਭਾਈ ਦਿਆਲ ਜੀ ਦਾ ਪੁੱਤਰ ਹੋਇਆ ਹੈ ਭਾਈ ਜੀਵਨ ਜੀ ਜਿਨ੍ਹਾਂ ਨੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਖੁਸ਼ੀਆਂ ਲਈਆਂ। ਪਿੰਡਾਂ ਦੇ ਪਿੰਡ ਪੂਜਦੇ ਸਨ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਐਸੀ ਔਲਾਦ ਬਖਸ਼ੀ ਪਰ ਬਖਸ਼ੀ ਕਿਸ ਸਦਕੇ ਇਹ ਨਿਚੋੜ ਲੈਣਾ ਇੱਕ ਭਾਈ ਆਦਮ ਜੀ ਨੇ ਸੇਵਾ ਕਰਕੇ ਸੰਗਤ ਦੀ ਪ੍ਰਸੰਨਤਾ ਲੈ ਲਈ। ਭਾਈ ਆਦਮ ਜੀ ਦੀ ਝੋਲੀ ਵਿੱਚ ਇਹੋ ਜਿਹਾ ਧਰਮੀ ਪੁੱਤਰ ਕਿਉਂ ਪਿਆ? ਕਿਉਂਕਿ ਸੇਵਾ ਕਰਕੇ ਸੰਗਤਾਂ ਦੀ ਪ੍ਰਸੰਨਤਾ ਲੈ ਲਈ। ਗੁਰੂ ਸਾਹਿਬ ਨੂੰ ਖੁਸ਼ ਕਰ ਲਿਆ।

ਅੰਮ੍ਰਿਤਸਰ ਸ਼ਹਿਰ ਵਿੱਚ ਕਿਸੇ ਦੀ ਦੁਕਾਨ ਸੀ ਜਿਹੜੀ ਕਿ ਗੌਰਮਿੰਟ ਨੇ ਕਿਸੇ ਕਾਰਨ ਕਰਕੇ ਬੰਦ ਕਰਾ ਦਿੱਤੀ। 10-15 ਲੱਖ ਪਗੜੀ ਉਸ ਦੁਕਾਨ ਦੀ ਸੀ। ਚੱਲਿਆ ਹੋਇਆ ਕੰਮ। ਜਿੰਦਰੇ ਲੱਗ ਗਏ। ਕਿਸੇ ਗੁਰਮੁਖ ਪਿਆਰੇ ਨੂੰ ਉਸਨੇ ਦੱਸਿਆ ਕਿ ਇਸ ਤਰ੍ਹਾਂ ਚੰਗਾ ਭਲਾ ਕਾਰੋਬਾਰ ਚੱਲ ਰਿਹਾ ਸੀ ਤੇ ਇਹ ਰੁਕਾਵਟ ਪੈ ਗਈ ਹੈ। ਉਸ ਗੁਰਮੁਖ ਪਿਆਰੇ ਨੇ ਜੁਗਤੀ ਦੱਸੀ ਕਿ ਸੰਗਤ ਦੀ ਪ੍ਰਸੰਨਤਾ ਲੈ ਲੈ, ਸਭ ਰੁਕਾਵਟਾਂ ਆਪੇ ਹਟ ਜਾਣਗੀਆਂ। ਉਹ ਕਹਿਣ ਲੱਗਾ ਕਿ ਕੀ ਕਰਾਂ? ਸੰਗਤ ਦੀ ਖੁਸ਼ੀ ਕਿਵੇਂ ਲਵਾਂ? ਉਹ ਗੁਰਮੁਖ ਪਿਆਰਾ ਕਹਿਣ ਲੱਗਾ, "ਤੇਰੇ ਕੋਲ ਗਡੀ ਹੈ।" ਉਸਨੇ ਕਿਹਾ, "ਹਾਂਜੀ ਸੂਮੋ ਗਡੀ ਹੈ।" ਉਸ ਗੁਰਸਿੱਖ ਨੇ ਆਖਿਆ ਸਿਵਲ ਲਾਈਨ ਇਲਾਕੇ ਵਿੱਚ ਬੜੀਆਂ ਬੀਬੀਆਂ ਐਸੀਆਂ ਨੇ ਜੋ ਸਵੇਰੇ 3-4 ਵਜੇ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਦਰਸ਼ਨ ਕਰਨ ਜਾਣਾ ਚਾਹੁੰਦੀਆਂ ਹਨ, ਪਰ ਇੱਕ ਤਾਂ ਦਰਬਾਰ ਸਾਹਿਬ ਤੋਂ ਇਹ ਇਲਾਕਾ ਦੂਰ ਪੈ ਜਾਂਦਾ, ਦੂਜਾ ਬੀਬੀਆਂ ਇਕੱਲੀਆਂ ਹੋਣ ਕਾਰਨ ਰਾਤ ਨੂੰ ਆਉਣ ਤੋਂ ਸੁਚੇਤ ਕਰਦੀਆਂ ਹਨ, ਨਾਲੇ ਕੋਈ ਗੱਡੀ ਦਾ ਪ੍ਰਬੰਧ ਨਹੀਂ। ਸੰਗਤਾਂ ਵਿਆਕੁਲ ਬਹੁਤ ਹਨ, ਜਾਣ ਲਈ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ। ਉਸ ਸਰੀਰ ਨੇ 7-8 ਐਸੇ ਪਰਿਵਰਾਂ ਨਾਲ ਸੰਪਰਕ ਕਰ ਲਿਆ। ਉਨ੍ਹਾਂ ਪਰਿਵਾਰਾਂ ਦੇ ਘਰ ਜਾ ਕੇ ਅੰਮ੍ਰਿਤ ਵੇਲੇ ਸੂਮੋ ਦਾ ਹਾਰਨ ਵਜਾਉਣਾ। ਉਨ੍ਹਾਂ ਬਾਹਰ ਆ ਜਾਣਾ। 20 ਕੁ ਮਿੰਟ ਲੱਗ ਜਾਣੇ, ਸਭ ਨੂੰ ਇਕੱਠੇ ਕਰਦਿਆਂ, ਸਾਰਿਆਂ ਨੂੰ ਦਰਬਾਰ ਸਾਹਿਬ ਪਹੁੰਚਾਉਣਾ। ਆਪ ਦਰਸ਼ਨ ਦੀਦਾਰੇ ਕਰਨੇ। ਘੰਟਾ-ਡੇਢ ਘੰਟਾ ਕੀਰਤਨ ਸੁਣਨਾ। ਫੇਰ ਇਕੱਲੇ-ਇਕੱਲੇ ਨੂੰ ਘਰ ਛੱਡ ਕੇ ਆਉਣਾ। ਇੱਕ ਹੁੰਦੀ ਹੈ, ਬੱਧਾ ਚੱਟੀ। ਇੱਕ ਹੁੰਦਾ ਹੈ, ਆਪਣੀ ਵਾਹ-ਵਾਹ ਕਰਕੇ। ਇੱਕ ਹੈ, ਸ਼ੁਕਰ ਹੈ, ਸਤਿਗੁਰੂ ਜੀ ਸੇਵਾ ਲੈ ਰਹੇ ਹਨ ਉਸ ਸਰੀਰ ਨੇ ਸ਼ੁਕਰਾਨੇ ਤੇ ਸ਼ਰਧਾ ਨਾਲ ਸਭ ਸੇਵਾ ਕਰਨੀ। ਹੁਣ ਅਗਲੀ ਗੱਲ ਕਿਸੇ ਨੂੰ ਨਹੀਂ ਸੀ ਪਤਾ। ਸੰਗਤਾਂ ਨੂੰ ਦਰਸ਼ਨ ਕਰਵਾਉਣ ਉਪਰੰਤ ਜਦੋਂ ਉਸ ਨੇ ਆਪਣੇ ਘਰ ਗੱਡੀ ਖੜ੍ਹੀ ਕਰਨੀ ਤੇ ਆਪ ਤੌਲੀਏ ਨਾਲ ਗੱਡੀ ਵਿੱਚੋਂ ਸੰਗਤ ਦੀ ਚਰਨ ਧੂੜੀ ਇਕੱਠੀ ਕਰਨੀ ਤੇ ਬੰਦ ਦੁਕਾਨ ਤੇ ਸ਼ਟਰ ਥੱਲੇ ਛਿੜਕ ਆਉਣੀ। ਇਹ ਹਕੀਕਤ ਹੈ। ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਜਿਵੇਂ ਆਪ ਹੀ ਬਿੱਧ ਬਣਾਈ। 15ਵਾਂ ਦਿਨ ਸੀ, ਕਿਰਪਾ ਹੋ ਗਈ। 40 ਦਿਨ ਉਨ੍ਹਾਂ ਸੋਚਿਆ ਸੀ ਪਰ ਅੱਗੋਂ ਵੀ ਉਹ ਸੇਵਾ ਨਿਭਾਅ ਰਹੇ ਹਨ। ਚਾਹੀਦਾ ਵੀ ਇਹੀ ਹੈ। ਹੁਣ ਦੇਖੋ ਗੁਰੂ ਸਾਹਿਬ ਜੀ ਦੀ ਬਖਸ਼ਿਸ਼ 15ਵੇਂ ਦਿਨ

ਤਾਲੇ ਖੁੱਲ੍ਹ ਗਏ। ਗੱਦੀ ਤੇ ਬੈਠੇ ਤੇ ਕਹਿੰਦੇ ਕਿਸੇ ਨੂੰ ਕੀ ਦੱਸੀਏ ਕਿ ਸੰਗਤ ਦੀ ਪ੍ਰਸੰਨਤਾ ਵਿੱਚ ਕਿੰਨੀਆਂ ਬਰਕਤਾਂ ਨੇ?

ਇਹ ਸਿੱਖੀ ਦੇ ਮੂਲ ਦੀ ਦੂਸਰੀ ਨਿਸ਼ਾਨੀ ਹੈ ਜੋ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਖਸ਼ੀ ਕਿ ਸੰਗਤ ਕਰਨੀ ਤੇ ਸੰਗਤ ਦੀ ਪ੍ਰਸੰਨਤਾ ਲੈਣੀ। ਸਿੱਖੀ ਦੇ ਮੂਲ ਦੀਆਂ ਜੋ ਨਿਸ਼ਾਨੀਆਂ ਸਤਿਗੁਰੂ ਜੀ ਨੇ ਭਾਈ ਚੂਹੜ ਜੀ ਨੂੰ ਦਿੱਤੀਆਂ। ਇਨ੍ਹਾਂ ਨੂੰ ਪੜ੍ਹ ਕੇ ਚੰਗੀ ਤਰ੍ਹਾਂ ਵੀਚਾਰੀਏ ਤੇ ਅਰਦਾਸ ਕਰੀਏ ਕਿ ਸਤਿਗੁਰੂ ਜੀ ਆਪ ਹੀ ਕਿਰਪਾ ਕਰੋ ਤਾਂ ਕਿ ਇਨ੍ਹਾਂ ਨਿਸ਼ਾਨੀਆਂ ਮੁਤਾਬਕ ਅਸੀਂ ਵੀ ਚੱਲ ਸਕੀਏ, ਇਨ੍ਹਾਂ ਨੂੰ ਆਪਣੇ ਜੀਵਨ ਵਿੱਚ ਢਾਲ ਸਕੀਏ ਤਾਂ ਕਿ ਸਾਨੂੰ ਵੀ ਤੁਹਾਡੀ ਬਖਸ਼ੀ ਹੋਈ ਸਿੱਖੀ ਵਿੱਚ ਦਾਖਲਾ ਮਿਲ ਸਕੇ।

ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਸਿੱਖੀ ਦੇ ਮੂਲ ਦੀ ਦੂਸਰੀ ਨਿਸ਼ਾਨੀ ਸਾਂਝੀ ਹੋਈ ਹੈ। ਗੁਰੂ ਸਾਹਿਬ ਦੀ ਕਿਰਪਾ ਨਾਲ ਤੀਸਰੀ ਨਿਸ਼ਾਨੀ ਅਗਲੇ ਐਡੀਸ਼ਨ ਵਿੱਚ ਸਾਂਝੀ ਕਰਨ ਦਾ ਯਤਨ ਕਰਾਂਗੇ ਜੀ।

*-ਚਲਦਾ*

# ਘਰ ਬੈਠੇ ਕੀਰਤਨ ਸਿੱਖੋ

## ਨੋਟੀਸ਼ਨ : (ਰਾਗ ਭੈਰਵ)

**ਇਹ ਰਾਗ ਭੈਰਵ ਥਾਟ ਦਾ ਹੈ। ਇਸ ਰਾਗ ਵਿੱਚ ਰੇ ਧਾ ਕੋਮਲ ਸੁਰ ਬਾਕੀ ਸੁਰ ਸ਼ੁਧ ਹਨ। ਵਾਦੀ ਸੁਰ ਧਾ ਸੰਵਾਦੀ ਰੇ ਹੈ। ਗਾਣ ਦਾ ਸਮਾਂ ਸਵੇਰੇ ਦਾ ਹੈ। ਜਾਤੀ ਸੰਪੂਰਣ- ਸੰਪੂਰਣ ਹੈ।**

*ਅਰੋਹੀ :- ਸਾ ਰੇ ਗਾ ਮਾ ਪਾ ਧਾ ਨੀ ਸਾਂ*

*ਅਵਰੋਹੀ :- ਸਾਂ ਨੀ ਧਾ ਪਾ ਮਾ ਗਾ ਰੇ ਸਾ*

*ਪਕੜ :- ਗਾ ਮਾ ਧਾ, ਪਾ, ਗਾ ਮਾ ਰੇ ਸਾ*

*ਸ਼ਬਦ : ਕਿਨਕਾ ਏਕ ਜਿਸ ਜੀਅ ... ਰਾਗ-ਭੈਰਵ, ਤਿੰਨ ਤਾਲ 16 ਮਾਤਰਾਂ*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਅੰਗ 262)*

ਅਸਥਾਈ :

| | | | | | | |
|---|---|---|---|---|---|---|
| ਕਿਨ | ਕਾ S | ਏਕ | ਜਿਸ | ਜੀਅ S | ਬ | ਸਾ S ਵੈ S |
| ਸਾਰੇ | ਗਾਮਾ | ਪਾਧਾ | ਪਾਮਾ | ਗਾਮਾਗਾ | ਰੇ | ਸਾਸਾਸਾਸਾ |

| | | | | | | |
|---|---|---|---|---|---|---|
| ਤਾ S | ਕੀ | ਮਹਿ | ਮਾ S | ਗਨੀ S | ਨ | ਆ S ਵੈ S |
| ਪਾਧਾ | ਮਾਪਾ | ਗਾਮਾ | ਰੇਗਾ | ਮਾਮਾਗਾ | ਰੇ | ਸਾਸਾਸਾਸਾ |

ਅੰਤਰਾ :

| | | | | |
|---|---|---|---|---|
| ਸਿਮਰਉ | ਸਿਮਰਿ | ਸਿਮਰਿ | ਸੁਖੁ | ਪਾ S ਵਉ |
| ਸਾਂਸਾਂਸਾਂਸਾਂ | ਨੀਨੀਧਾ | ਪਾਮਾਮਾ | ਪਾਧਾ | ਪਾਪਾਪਾਪਾ |

| | | | | |
|---|---|---|---|---|
| ਕਲਿ S | ਕਲੇਸ | ਤਨ | ਮਾ S ਹਿ | ਮਿਟਾ S ਵਉ |
| ਸਾਂਸਾਂਸਾਂ | ਸਾਂਨੀਨੀ | ਧਾਪਾ | ਮਾਮਾਪਾ | ਧਾਪਾਪਾਪਾਪਾ |

| | | | |
|---|---|---|---|
| ਮਾ S ਹਿ | ਮਿਟਾ S | ਵਉ | -2 ਵਾਰੀ |
| ਮਾਮਾਗਾ | ਰੇਸਾਸਾ | ਸਾਸਾ | |

*ਦਾਸ : ਹਰਦੇਵ ਸਿੰਘ ਦੀਵਾਨਾ*

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : 98765-25822*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**466** ਸੰਸਾਰੀ ਬੰਦੇ ਦੀ ਅਰਦਾਸ ਨਾ ਪੂਰੀ ਹੋਵੇ ਤਾਂ ਕਈ ਵਾਰੀ ਆਪਣੇ ਗੁਰੂ ਨਾਲੋਂ ਟੁੱਟ ਜਾਂਦਾ ਹੈ। ਕਿਸੇ ਪ੍ਰੇਮ ਵਾਲੇ ਦੀ ਅਰਦਾਸ ਨਾ ਪੂਰੀ ਹੋਵੇ ਤਾਂ ਉਹ ਸੋਚਦਾ ਹੈ ਕਿ ਮੇਰੇ ਮੰਗਣ ਵਿੱਚ ਕੋਈ ਭੁੱਲ ਹੋਈ ਹੈ।

**467** ਦੁਨਿਆਵੀ ਪੱਖ ਤੋਂ ਆਪਣੇ ਤੋਂ ਨੀਵੇਂ ਵੱਲ ਦੇਖਾਂਗੇ ਤੇ ਅੰਦਰ ਸਹਿਜ ਬਣਿਆ ਰਹੇਗਾ ਤੇ ਧਾਰਮਿਕ ਪੱਖ ਵੱਲੋਂ ਆਪਣੇ ਤੋਂ ਉੱਚੇ ਵੱਲ ਦੇਖਾਂਗੇ ਤੇ ਹਉਮੈ ਤੋਂ ਬਚੇ ਰਹਾਂਗੇ।

**468** ਜਿੰਨਾ ਸਤਿਗੁਰੂ ਜੀ ਸਿੱਖ ਨੂੰ ਭਾਗ ਲਗਾਈ ਜਾਣ ਓਨਾ ਉਸਦਾ ਨਿਤਨੇਮ ਵਧੀ ਜਾਵੇ। ਇਸ ਤਰ੍ਹਾਂ ਉਸ ਦੀ ਭਗਤੀ ਵੀ ਸ਼ੁਕਰਾਨੇ ਵਾਲੀ ਹੋ ਜਾਵੇਗੀ।

*—ਸੰਪਾਦਕ*



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸ਼ਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

ਗੁਰੂ ਸਾਹਿਬ ਜੀ ਨੇ ਗੁਰਸਿੱਖਾਂ ਨੂੰ ਨਾਮ ਜਪੋ, ਕਿਰਤ ਕਰੋ, ਵੰਡ ਕੇ ਛਕੋ ਦਾ ਸਿਧਾਂਤ ਦਿੱਤਾ ਹੈ। ਪਿਆਰ ਵਾਲੇ ਜਗਿਆਸੂ ਧਰਮ ਦੀ ਕਿਰਤ ਕਰਦੇ ਹਨ ਅਤੇ ਦਿਨ ਰਾਤ ਗੁਰੂ ਸਾਹਿਬ ਦੇ ਪਿਆਰ ਵਿੱਚ ਲੀਨ ਰਹਿੰਦੇ ਹਨ।

ਧਰਮ ਦੀ ਕਿਰਤ ਕਰਨੀ, ਸੇਵਾ-ਸਿਮਰਨ ਵਿੱਚ ਪ੍ਰਪੱਕਤਾ ਅਤੇ ਦਸਵੰਧ ਗੁਰੂ ਦੇ ਲੇਖੇ ਲਗਾਉਣਾ ਇੱਕ ਅਜਿਹੀ ਆਦਰਸ਼ ਜੀਵਨ ਜਾਚ ਹੈ, ਜਿਸ ਨੂੰ ਅਪਨਾਇਆਂ ਹੀ ਜੀਵਨ ਦੀ ਸਫਲਤਾ ਹੈ।

ਘਨਗਸਾਂ ਪਿੰਡ ਦਾ ਭਾਈ ਰਤਨ ਸਿੰਘ ਕਿਰਤ ਵਜੋਂ ਤਰਖਾਣ ਦੀ ਕਿਰਤ ਕਰਦਾ ਸੀ। ਹਿਰਦੇ ਵਿੱਚ ਰੱਬੀ ਪਿਆਰ ਦੀ ਬਖਸ਼ਿਸ਼ ਸੀ। ਧਰਮ ਦੀ ਕਿਰਤ ਕਰਦਾ, ਪਰਮੇਸ਼ਰ ਦੇ ਪ੍ਰੇਮ ਵਿੱਚ ਲੀਨ ਰਹਿੰਦਾ। ਸ੍. ਗਿਆਨ ਸਿੰਘ ਰਾੜੇ ਵਾਲੇ ਦੇ ਬੇਨਤੀ ਕਰਨ ਤੇ ਜਿਸ ਵੇਲੇ ਸ੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਅਤੇ ਸ੍ਰੀਮਾਨ ਬਾਬਾ ਕਿਸ਼ਨ ਸਿੰਘ ਜੀ ਰਾੜੇ ਦੀ ਢੱਕੀ ਵਿੱਚ ਆਏ ਸਨ, ਉਸ ਵੇਲੇ ਲੱਕੜ ਦੇ ਕੰਮ ਦੀ ਸੇਵਾ ਭਾਈ ਰਤਨ ਸਿੰਘ ਨੂੰ ਪ੍ਰਾਪਤ ਹੋਈ ਸੀ। ਰਿਜ਼ਕ ਅਨੁਸਾਰ ਜਿੱਥੇ-ਜਿੱਥੇ ਲੱਕੜ ਦਾ ਕੰਮ, ਜੋੜੀਆਂ ਆਦਿ ਲਾਉਣ ਦਾ ਪ੍ਰਾਪਤ ਹੁੰਦਾ ਉਹ ਬੜੇ ਉਤਸ਼ਾਹ ਨਾਲ ਕਰਦਾ ਕਿਉਂਕਿ ਉਹ ਬੜਾ ਚੰਗਾ ਕਾਰੀਗਰ ਸੀ।

ਹਰਿਦੁਆਰ ਵਿੱਚ ਬਹੁਤ ਸਾਰੇ ਛੇਤਰ (ਲੰਗਰ) ਲੱਗੇ ਹੋਏ ਹਨ। ਇੱਕ ਛੇਤਰ ਸਿੰਧ ਇਲਾਕੇ ਦੇ ਪ੍ਰੇਮੀਆਂ ਵੱਲੋਂ ਲਾਇਆ ਗਿਆ ਸੀ, ਜਿਸ ਵਿੱਚ ਲੱਕੜ ਦੇ ਕੰਮ ਲਈ ਭਾਈ ਰਤਨ ਸਿੰਘ ਨੂੰ ਕਿਹਾ ਗਿਆ ਸੀ। ਉਸਨੂੰ ਰਿਹਾਇਸ਼ ਲਈ ਛੇਤਰ ਵਿੱਚ ਹੀ ਕਮਰਾ ਮਿਲ ਗਿਆ।

ਇੱਕ ਦਿਨ ਕਿਸੇ ਕੰਮ ਛੇਤਰ ਤੋਂ ਬਾਹਰ ਗਿਆ ਤੇ ਕੀ ਦੇਖਦਾ ਹੈ ਕਿ ਰਾੜਾ ਸਾਹਿਬ ਵਾਲੇ ਮਹਾਂਪੁਰਖ ਆਬਾਦੀ ਤੋਂ ਬਾਹਰ ਇਕਾਂਤ ਵਿੱਚ ਆਸਣ ਵਿਛਾ ਕੇ ਬੈਠੇ ਹਨ, ਨਾਲ ਦੋ ਸਿੰਘ ਹਨ। ਦਰਸ਼ਨ ਕਰਕੇ ਮਨ ਖਿੜ ਗਿਆ। ਧਾਹ ਕੇ ਕੋਲ ਪਹੁੰਚਿਆ, ਹੱਥ ਜੋੜ ਕੇ ਸੀਸ ਨਿਵਾਇਆ। ਅੱਖਾਂ ਵਿੱਚ ਪਿਆਰ ਦਾ ਜਲ ਆ ਗਿਆ। ਪਿਆਰ-ਪਿਆਰ ਹਰ ਕੋਈ ਕਹਿੰਦਾ ਹੈ, ਪਰ ਜਿਸ ਭਾਗਾਂ ਵਾਲੇ ਦੇ ਹਿਰਦੇ ਵਿੱਚ ਇਸਦਾ ਵਾਸਾ ਹੋਵੇ, ਪਰਮੇਸ਼ਰ ਉਸ ਉੱਤੇ ਰੀਝਦਾ ਹੈ।

ਮਹਾਂਪੁਰਖਾਂ ਨੇ ਉਸਨੂੰ ਪਿਆਰ ਦਿੱਤਾ ਅਤੇ ਬਚਨ ਕੀਤਾ, "ਆਓ ਭਾਈ ਰਤਨ ਸਿੰਘ! ਹੁਣ ਕਿੱਥੇ ਹੁੰਦੇ ਹੋ?" ਰਤਨ ਸਿੰਘ ਨੇ ਸੰਖੇਪ ਵਿੱਚ ਸਾਰੀ ਵਾਰਤਾ ਦੱਸੀ ਅਤੇ ਸਿੰਘਾਂ ਤੋਂ ਮਹਾਂਪੁਰਖਾਂ ਦੀ ਰਿਹਾਇਸ਼ ਆਦਿ ਬਾਰੇ ਪੁੱਛਿਆ।

ਬਾਬਾ ਜੀ ਇੱਕ ਦਿਨ ਅਚਾਨਕ ਭਾਈ ਕਿਸ਼ਨ ਸਿੰਘ ਅਤੇ ਭਾਈ ਕਿਸ਼ਨ ਸਿੰਘ ਭਲਵਾਨ ਨੂੰ ਨਾਲ ਲੈ ਕੇ, ਬਿਨਾਂ ਕਿਸੇ ਨੂੰ ਜ਼ਿਆਦਾ ਦੱਸਣ ਦੇ, ਰੇਲ ਗੱਡੀ ਰਾਹੀਂ ਹਰਿਦੁਆਰ ਆ ਗਏ ਸਨ। ਸਵੇਰ ਦੇ ਸਮੇਂ ਪੁੱਜੇ ਸਨ ਪਰ ਇੱਥੇ ਰੁੱਕੇ ਨਹੀਂ, ਅੱਗੇ ਰਿਸ਼ੀਕੇਸ਼ ਚਲੇ ਗਏ। ਕਿਸੇ ਨੂੰ ਦੱਸਣ ਤੋਂ ਮਨਾਹੀ ਕਰ ਦਿੱਤੀ ਸੀ। ਗੰਗਾ ਦੇ ਕਿਨਾਰੇ ਝਾੜੀਆਂ ਵਿੱਚ ਹੀ ਰਾਤ ਨੂੰ ਕੁਝ ਸਮਾਂ ਅਰਾਮ ਕਰਕੇ ਗੰਗਾ ਵਿੱਚ ਇਸ਼ਨਾਨ ਕਰਕੇ ਗੁਰੂ ਦੇ ਚਰਨਾਂ ਵਿੱਚ ਲੀਨ ਹੋ ਗਏ।

ਸੰਸਾਰੀ ਲੋਕ ਬਾਹਰੀ ਕਿਰਿਆ ਨੂੰ ਆਪਣੇ ਨਜ਼ਰੀਏ ਨਾਲ ਦੇਖਦੇ ਹਨ ਪਰ ਇਕੋ ਕਿਰਿਆ ਦੇ ਪਿੱਛੇ ਮਨੋਰਥ ਵੀ ਵੱਖੋ ਵੱਖਰੇ ਹੋਇਆ ਕਰਦੇ ਹਨ। ਕੋਈ ਇਤਿਹਾਸ ਪੜ੍ਹਨ ਵਾਲਾ ਕਹੇਗਾ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੀਰਥਾਂ ਤੇ ਗਏ ਸਨ। ਹਾਂ ਜੀ! ਗਏ ਸਨ ਪਰ ਤੀਰਥਾਂ ਤੇ ਆਇਆਂ ਹੋਇਆਂ ਨੂੰ ਸੱਚ ਦਾ

ਉਪਦੇਸ਼ ਦੇਣ ਗਏ ਸਨ। ਕੋਈ ਕਹੇਗਾ ਗੁਰੂ ਅਮਰਦਾਸ ਜੀ ਮਹਾਰਾਜ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸ਼ਰਨ ਆਉਣ ਤੋਂ ਪਹਿਲਾਂ ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਸਨ। ਉਨ੍ਹਾਂ ਦਾ ਮਨੋਰਥ ਪੂਰੇ ਗੁਰੂ ਨੂੰ ਟੋਲਨਾ ਸੀ, ਆਪ ਜੀ ਨੂੰ ਪੂਰੇ ਗੁਰੂ ਦੀ ਭਾਲ ਸੀ, ਜੋ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸ਼ਰਨੀ ਆਉਣ ਤੇ ਪੂਰੀ ਹੋਈ।

ਗੁਰੂ ਸਾਹਿਬਾਨਾਂ ਨੇ ਜਿੱਥੇ ਚਰਨ ਪਾਏ, ਉੱਥੇ ਤੀਰਥ ਬਣ ਗਏ।

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ॥*
*ਗੁਰਸਿਖੀ ਸੋ ਥਾਨੁ ਭਾਲਿਆ ਲੈ*
*ਧੂਰਿ ਮੁਖਿ ਲਾਵਾ॥*

*(ਅੰਗ ੪੫੦)*

ਜਿਸ ਹਿਰਦੇ 'ਚ ਗੁਰ-ਚਰਨ ਵਸ ਜਾਣ ਉਹ ਗੁਰਮੁਖ ਜਨ ਵੀ ਜੰਗਮ ਤੀਰਥ ਬਣ ਜਾਂਦੇ ਹਨ। ਜੰਗਮ ਤੀਰਥ ਤੋਂ ਭਾਵ ਜੋ ਇੱਕ ਅਸਥਾਨ ਤੋਂ ਦੂਸਰੇ ਅਸਥਾਨ ਤੇ ਜਾ ਸਕਣ। ਤੀਰਥ ਜਿਸ ਅਸਥਾਨ ਤੇ ਸਥਿਤ ਹੁੰਦਾ ਹੈ, ਯਾਤਰੀ ਉਸ ਅਸਥਾਨ ਤੇ ਚੱਲ ਕੇ ਜਾਂਦੇ ਹਨ। ਗੁਰੂ ਸਾਹਿਬ ਨੇ ਮਿਹਰ ਕੀਤੀ ਆਪ ਪਿਆਰ ਵਾਲੇ ਜਗਿਆਸੂਆਂ ਕੋਲ ਜਾ ਕੇ ਉਨ੍ਹਾਂ ਤੇ ਕਿਰਪਾ ਕੀਤੀ ਅਤੇ ਜਿਨ੍ਹਾਂ ਗੁਰਮੁਖਾਂ ਨੂੰ ਵਰਸੋਇਆ ਉਨ੍ਹਾਂ ਨੂੰ ਜੰਗਮ ਤੀਰਥ ਬਣਾ ਦਿੱਤਾ। ਇਹ ਬਖਸ਼ਿਸ਼ ਅੱਜ ਵੀ ਵਰਤਦੀ ਹੈ। ਗੁਰ ਚਰਨਾਂ ਵਿੱਚ ਲੀਨ ਗੁਰਮੁਖ ਜਨ ਜਿੱਥੇ ਵੀ ਜਾਂਦੇ ਹਨ, ਜੋੜਨ ਦਾ ਕਾਰਜ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਜੰਗਮ ਤੀਰਥ ਕਿਹਾ ਜਾਂਦਾ ਹੈ ਅਤੇ ਉਹ ਜਿੱਥੇ ਚਰਨ ਪਾਉਣ ਉਹ ਅਸਥਾਨ ਵੀ ਤੀਰਥ ਬਣ ਜਾਂਦਾ ਹੈ।

*ਅਠਸਠਿ ਤੀਰਥ ਜਹ ਸਾਧ ਪਗ ਧਰਹਿ॥*

*(ਅੰਗ ੮੯੦)*

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥*

*(ਅੰਗ ੩੧੯)*

ਐਸੇ ਗੁਰਮੁਖ ਸੰਤ ਜਨਾਂ ਨੂੰ ਤੀਰਥਾਂ ਤੇ ਇਸ਼ਨਾਨ ਕਰਨ ਦੀ ਲੋੜ ਨਹੀਂ ਹੋਇਆ ਕਰਦੀ। ਜਿੰਨਾ ਦਰਿਆਵਾਂ ਤੇ ਲੋਕ ਪਾਪ ਲਾਹੁਣ ਦੀ ਭਾਵਨਾ ਨਾਲ ਇਸ਼ਨਾਨ ਕਰਦੇ ਹਨ, ਉਹ ਤਾਂ ਪੁਕਾਰਾਂ ਕਰਦੇ ਹਨ:

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ*
*ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥*

*(ਅੰਗ ੧੨੬੩)*

ਦਿਨ ਚੜ੍ਹੇ ਨਿਰਮਲੇ ਸੰਤਾਂ ਦੇ ਅਸਥਾਨ ਤੇ ਜਾ ਕੇ ਉਨ੍ਹਾਂ ਨੂੰ ਮਿਲੇ ਪਰਸਪਰ ਗੁਰਮਤਿ ਦੀ ਰੌਸ਼ਨੀ ਵਿੱਚ ਰੂਹਾਨੀ ਬਚਨ ਹੋਏ। ਕੁਝ ਹੋਰ ਅਸਥਾਨਾਂ ਤੇ ਜਾ ਕੇ ਸਾਧੂਆਂ ਨੂੰ ਮਿਲੇ, ਕੁਝ ਇਕਾਂਤੀ ਸਾਧੂਆਂ ਨੂੰ ਵੀ ਜਾ ਕੇ ਦਰਸ਼ਨ ਦਿੱਤੇ। ਇਹ ਗੱਲ ਪਰਮੇਸ਼ਰ ਜਾਣੇ ਜਾਂ ਮਹਾਂਪੁਰਸ਼ ਜਾਣਨ ਕਿ ਕਿੰਨਾਂ-ਕਿੰਨਾਂ ਦੀ ਕਿਹੜੀ ਭਾਵਨਾ ਪੂਰੀ ਕੀਤੀ ਜਾਂ ਕਿੰਨਾਂ ਨੂੰ ਰੂਹਾਨੀਅਤ ਦੀ ਅਗਲੇਰੀ ਅਵਸਥਾ ਦੀ ਸੇਧ ਦਿੱਤੀ ਜਾਂ ਕਿੰਨਾਂ ਨੂੰ 'ਹਮਸ਼ਹਿਰੀ' ਹੋਣ ਕਰਕੇ ਮਿਲੇ:

*ਜੋ ਹਮ ਸਹਰੀ ਸੁ ਮੀਤੁ ਹਮਾਰਾ॥*

*(ਅੰਗ ੩੪੫)*

ਹੁਣ ਸ਼ਾਮ ਨੂੰ ਹਰਿਦੁਆਰ ਆਏ ਸਨ ਅਤੇ ਇੱਥੇ ਇਕਾਂਤ ਵਿੱਚ ਆਸਣ ਲਾਇਆ ਸੀ। ਭਾਈ ਰਤਨ ਸਿੰਘ ਨੇ ਛੇਤਰ (ਲੰਗਰ) ਵਿੱਚ ਲਿਜਾਣ ਦੀ ਬੇਨਤੀ ਕੀਤੀ ਪਰ ਮਹਾਂਪੁਰਖਾਂ ਨੇ ਬਚਨ ਕੀਤਾ, "ਭਾਈ ਇੱਥੇ ਹੀ ਠਹਿਰਾਂਗੇ।"

ਭਾਈ ਰਤਨ ਸਿੰਘ ਵਾਰ-ਵਾਰ ਬੇਨਤੀ ਕਰੇ ਪਰ ਬਾਬਾ ਜੀ ਨੇ ਫਿਰ ਇਹੋ ਬਚਨ ਕੀਤਾ ਤਾਂ ਉਸਦੇ ਨੈਣ ਭਰ ਆਏ ਅਤੇ ਕਹਿਣ ਲੱਗਾ, "ਆਪ ਜੀ ਨਹੀਂ ਆਉਂਦੇ ਤਾਂ ਮੈਂ ਵੀ ਭੁੱਖਾ ਤਿਹਾਇਆ ਇੱਥੇ ਹੀ ਬੈਠਾ ਰਹੂੰਗਾ।"

ਇਸਦਾ ਪਿਆਰ ਦੇਖ ਬਾਬਾ ਜੀ ਨੇ ਕਿਹਾ, "ਠੀਕ ਹੈ ਭਾਈ ਪ੍ਰੇਮੀਆ! ਪਰ ਜਾਵਾਂਗੇ ਤਾਂ, ਜੇ ਸਾਡੇ ਵਾਸਤੇ ਹੋਰ ਕਮਰੇ ਦਾ ਜਾਂ ਉਚੇਚੇ ਪਰਸ਼ਾਦੇ ਦਾ ਪ੍ਰਬੰਧ ਨਾ ਕਰੇ।"

ਭਾਈ ਰਤਨ ਸਿੰਘ ਇਸ ਬਚਨ ਤੇ ਸਤਿਬਚਨ ਦਾ ਅਧਿਕਾਰੀ ਹੋਇਆ। ਸਿੰਘ ਉਸ ਨਾਲ ਜਾ ਕੇ ਉਸਦੀ ਰਿਹਾਇਸ਼ ਵਾਲਾ ਕਮਰਾ ਦੇਖ ਆਏ। ਮਹਾਂਪੁਰਖਾਂ ਨੇ ਆਉਣ ਦਾ ਬਚਨ ਕਰਕੇ ਭਾਈ ਰਤਨ

ਸਿੰਘ ਨੂੰ ਭੇਜ ਦਿੱਤਾ, ਉਸ ਨੇ ਪਿਆਰ ਨਾਲ ਕਮਰੇ ਦੀ ਸਫਾਈ ਕੀਤੀ ਅਤੇ ਬੜੀ ਭਾਵਨਾ ਨਾਲ ਕਮਰੇ ਵਿੱਚ ਆਸਣ ਲਗਾਇਆ। ਬਾਬਾ ਜੀ ਉੱਥੇ ਹੀ ਨਿੱਜ ਸਰੂਪ ਵਿੱਚ ਲੀਨ ਹੋ ਗਏ। ਦਿਨ ਚੜੇ ਛੇਤਰ (ਲੰਗਰ) ਵਿੱਚ ਆਏ। ਛੇਤਰ ਦੇ ਪ੍ਰਬੰਧਕ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੋਏ।

ਬਾਬਾ ਜੀ ਇੱਥੇ ਤਿੰਨ ਦਿਨ ਰਹੇ। ਸਵੇਰੇ ਚਾਰ ਵਜੇ ਕਮਰੇ ਵਿੱਚ ਆਉਂਦੇ, ਜਲ ਛਕ ਕੇ ਨੇੜੇ ਦੀ ਪਹਾੜੀ ਤੇ ਜੰਗਲ ਵੱਲ ਸੈਰ ਕਰਨ ਚਲੇ ਜਾਂਦੇ। ਦਸ ਵਜੇ ਵਾਪਸ ਆ ਕੇ ਕੁਝ ਸਮਾਂ ਕਮਰੇ ਵਿੱਚ ਆਰਾਮ ਕਰਦੇ। ਉਪਰੰਤ ਪਰਸ਼ਾਦਾ ਛਕਦੇ। ਛੇਤਰ ਵਿੱਚ ਬਣਿਆ ਪਰਸ਼ਾਦਾ ਹੀ ਛਕ ਲੈਂਦੇ। ਪਰਸ਼ਾਦਾ ਅੱਠ ਪਹਿਰ ਹੀ ਛਕਦੇ ਸਨ। ਬਹੁਤ ਸਮਾਂ ਸਮਾਧੀ ਇਸਥਿਤ ਰਹਿੰਦੇ। ਸ਼ਾਮ ਉਪਰੰਤ ਹਨ੍ਹੇਰਾ ਹੋਣ ਤੇ ਗੰਗਾ ਦੇ ਕਿਨਾਰੇ ਸੈਰ ਕਰਨ ਚਲੇ ਜਾਂਦੇ। ਸਵੇਰ ਅਤੇ ਸ਼ਾਮ ਦੀ ਸੈਰ ਇਹ ਹੁੰਦੀ ਕਿ ਸੈਰ ਕਰਦਿਆਂ ਕਿਸੇ ਭਾਗਾਂ ਵਾਲੀ ਜਗ੍ਹਾ ਤੇ ਧਿਆਨ ਵਿੱਚ ਜੁੜ ਬੈਠਦੇ। ਰਾਤ ਦਸ ਕੁ ਵਜੇ ਲੋਕਾਂ ਦੀ ਆਵਾਜਾਈ ਬੰਦ ਹੋ ਜਾਂਦੀ। ਹਰਿ ਕੀ ਪੌੜੀ ਨੇੜੇ ਆ ਕੇ ਸਮਾਧੀ ਇਸਥਿਤ ਹੋ ਜਾਂਦੇ। 2 ਵਜੇ ਇਸ਼ਨਾਨ ਕਰਕੇ ਫਿਰ ਲੀਨ ਹੋ ਜਾਂਦੇ। ਉਂਝ ਤਾਂ ਅਭੇਦ ਪੁਰਸ਼ ਸਦਾ ਹੀ ਸਹਿਜ ਸਮਾਧੀ ਵਿੱਚ ਲਿਵਲੀਨ ਹੁੰਦੇ ਹਨ।

ਚਾਰ ਵਜੇ ਕਮਰੇ ਵਿੱਚ ਆ ਕੇ ਜਲ ਪਾਣੀ ਛਕਦੇ ਹਨ ਅਤੇ ਪਹਾੜੀ ਤੇ ਚਲੇ ਜਾਂਦੇ ਹਨ। ਚੌਥੇ ਦਿਨ ਸਵੇਰੇ ਮਹਾਂਪੁਰਖਾਂ ਨੇ ਵਾਪਸੀ ਦੀ ਤਿਆਰੀ ਕਰ ਲਈ। ਛੇਤਰ ਦੇ ਪ੍ਰਬੰਧਕਾਂ ਨੇ ਕੁਝ ਸਮਾਂ ਹੋਰ ਦੇਣ ਦੀ ਬੇਨਤੀ ਕੀਤੀ ਪਰ ਪਿੱਛੋਂ ਵੀ ਬਹੁਤ ਖਿੱਚ ਪੈ ਰਹੀ ਸੀ। ਉਪਰੰਤ ਹਰਿਦੁਆਰ ਤੋਂ ਚੱਲ ਕੇ ਕਰਮਸਰ ਅਸਥਾਨ ਤੇ ਰਾੜਾ ਸਾਹਿਬ ਆ ਗਏ।

*—ਚਲਦਾ*


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 58/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 — ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 — ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 237/- ਰੁਪਏ, ਪੰਜ ਸਾਲ ਦਾ ਚੰਦਾ 450/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਦੋ ਸਾਲ | 200+37=237/- |
| ਪੰਜ ਸਾਲ | 400+50=450/- |
| ਲਾਈਫ | 1600+85=1685/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਆਓ ! ਇੱਕ ਗੁਰੂ ਦੇ ਬਣ ਕੇ ਆਪਣੇ ਲੇਖ ਬਦਲਾਈਏ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

—ਜਸਵਿੰਦਰ ਸਿੰਘ ਪਟਿਆਲਾ

**ਸ਼ਬਦ**

*ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ ॥*
*ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ ॥*
*ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ ॥*
*ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ ॥*
*ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ ॥*
*ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ ॥*
*ਗੁਰਮੁਖਿ ਮਨ ਅਪਤੀਜੁ ਪਤੀਣਾ ॥*
*(ਵਾਰ: ੨੬, ਪਉੜੀ ੨੦)*

ਕਲਗੀਧਰ ਪਿਤਾ ਜੀ ਦੇ ਪਿਆਰ, ਸਤਿਕਾਰ ਵਿੱਚ ਇੱਕ ਵਾਰ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਭਾਗਾਂ ਵਾਲੇ ਹੋ। ਇੱਕ ਕਾਰੋਬਾਰੀ ਦਿਨ ਹੁੰਦਿਆਂ ਵੀ ਆਪਣੇ ਕੰਮਾਂ ਨੂੰ ਸੰਕੋਚ ਕੇ ਸਤਿਸੰਗਤ ਦੇ ਕਿਲੇ ਵਿੱਚ ਆਏ ਹੋ। ਇੱਕ ਹੁੰਦਾ ਹੈ ਸਤਿਸੰਗ ਤੇ ਇੱਕ ਹੁੰਦਾ ਹੈ ਅੰਤਰਾ ਸਤਿਸੰਗ। ਅੰਤਰਾ ਸਤਿਸੰਗ ਹੁੰਦਾ ਹੈ, ਜੋ ਕੋਈ ਵੀ ਵਿਚਾਰ ਸੁਣੀ ਹੈ, ਉਸ ਨੂੰ ਆਪਣੇ ਅੰਦਰ ਹਿਰਦੇ ਵਿੱਚ ਤੋਲਣਾ ਹੈ। ਮੈਂ ਸੁਣਿਆ ਕੀ ਹੈ ਤੇ ਮੈਂ ਖੜ੍ਹਾ ਕਿੱਥੇ ਹਾਂ? ਫਿਰ ਜਦੋਂ ਜੋੜੇ ਪਾ ਕੇ ਬਾਹਰ ਜਾਈਏ ਤੇ ਸਾਡਾ ਨਵਾਂ ਜਨਮ ਹੋ ਜਾਵੇ। ਇਹ ਧੰਨ ਗੁਰੂ ਨਾਨਕ ਸਾਹਿਬ ਦੀ ਦੁਕਾਨ ਹੈ ਜਿੱਥੋਂ ਵਣਜ ਕਰਕੇ ਜਾਣਾ ਹੈ। ਅਗਰ ਕੋਈ ਵਣਜ ਨਹੀਂ ਕਰਦਾ ਤੇ ਇਹ ਨਹੀਂ ਕਿ ਉਸ ਦਾ ਸਮਾਂ ਸਫਲ ਨਹੀਂ ਹੈ। ਜਿੰਨਾ ਚਿਰ ਬੈਠੋਂਗੇ ਸਤਿਸੰਗ ਵਿੱਚ, ਸਮਾਂ ਸਫਲ ਹੈ। ਜੇ ਕੋਈ ਅੰਤਰਾ ਸਤਿਸੰਗ ਕਰੇ, ਜੋ ਕੁਝ ਸੁਣਿਆ ਹੈ, ਅੰਦਰ ਨਾਲ ਤੋਲੇ ਤੇ ਫਿਰ ਸਮੇਂ ਦੇ ਨਾਲ-ਨਾਲ ਜਨਮ ਸਫਲ ਹੁੰਦਾ ਹੈ ਇਸ ਧਰਤੀ ਤੇ। ਆਏ ਤਾਂ ਜਨਮ ਸਫਲ ਕਰਨ ਲਈ ਹੀ ਹਾਂ। ਅੱਜ ਸ਼ਬਦ ਲਿਆ ਹੈ :

*ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ ॥*

ਇੱਕ ਵਾਰੀ ਬਾਬਾ ਕੁੰਦਨ ਸਿੰਘ ਜੀ ਮਹਾਂਪੁਰਸ਼ ਜਿਨ੍ਹਾਂ ਨੂੰ ਆਪਣੇ ਜੀਵਨ ਦੇ ਵਿੱਚ ਅਤਿ ਦੀ ਹਿਰਦੇ ਦੀ ਗਰੀਬੀ, ਅਤਿ ਦੀ ਨਿਮਰਤਾ ਦੀ ਦਾਤ ਪ੍ਰਾਪਤ ਹੋਈ ਹੈ, ਹਰ ਵੇਲੇ ਨਾਮ ਦੀ ਕਮਾਈ ਹੈ ਪਰ ਆਪਣੇ ਆਪ ਨੂੰ ਕੁਝ ਬਣਾਇਆ ਨਹੀਂ। ਪੈਰੀਂ ਹੱਥ ਨਹੀਂ ਲਵਾਏ। ਗੱਡੀ ਵਿੱਚ ਵੀ ਬੈਠਣਾ ਤੇ ਪਿਛਲੀ ਸੀਟ ਤੇ ਬੈਠਣਾ, ਦੋ-ਤਿੰਨ ਸੇਵਾਦਾਰ ਨਾਲ ਬਿਠਾਉਣੇ ਤਾਂ ਕਿ ਮੇਰਾ ਮਨ ਇਹ ਨਾ ਕਹੇ ਕਿ ਮੈਂ ਕੁਝ ਬਣ ਗਿਆ ਹਾਂ। ਮਨ ਨੂੰ ਥੋੜ੍ਹਾ ਜਿਹਾ ਇਨ੍ਹਾਂ ਚੀਜ਼ਾਂ ਤੋਂ ਪਰ੍ਹੇ ਰੱਖਣਾ ਪੈਂਦਾ ਹੈ ਤਾਂ ਕਿਤੇ ਨਿਭਦੀ ਹੈ। ਨਹੀਂ ਤਾਂ ਬਦੋਬਦੀ ਹਉਮੈ ਦੇ ਆਉਣ ਦਾ ਡਰ ਰਹਿੰਦਾ ਹੈ। ਕੋਈ ਡਾਕਟਰ ਆਇਆ ਬਾਬਾ ਈਸ਼ਰ ਸਿੰਘ ਜੀ ਕੋਲ ਤੇ ਬਾਬਾ ਜੀ ਨੂੰ ਕਹਿਣ ਲੱਗਾ, ਬਾਬਾ ਜੀ ਕੋਈ ਸੇਵਾ ਦੱਸੋ? ਕਹਿੰਦੇ, ਭਾਈ ਤੁਸੀਂ ਡਾਕਟਰ ਹੋ? ਉਹ ਕਹਿਣ ਲੱਗਾ ਜੀ ਹਾਂ। ਬਾਬਾ ਜੀ ਨੇ ਕਿਹਾ, ਕੀ ਸਾਨੂੰ ਵੀ ਦਵਾਈ ਦਿਓਗੇ? ਬੇਨਤੀ ਕੀਤੀ, ਬਾਬਾ ਜੀ, ਆਪ ਜੀ ਹੁਕਮ ਕਰੋ। ਡਾਕਟਰ ਨੇ ਸੋਚਿਆ ਹੋ ਸਕਦਾ ਹੈ, ਕੋਈ ਸਰੀਰਕ ਤਕਲੀਫ ਹੋਵੇ, ਮਹਾਂਪੁਰਸ਼ਾਂ ਨੂੰ। ਕਹਿੰਦਾ ਜੀ ਜ਼ਰੂਰ ਦੇਵਾਂਗੇ ਤੇ ਬਾਬਾ ਈਸ਼ਰ ਸਿੰਘ ਜੀ ਦਾ ਬਚਨ ਜਿਨ੍ਹਾਂ ਨੇ ਪ੍ਰੇਰਨਾ ਦੇ ਕੇ ਪੌਣੇ ਅੱਠ ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ, ਧੰਨ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬੇੜੇ ਵਿੱਚ ਬਿਠਾਇਆ। ਅੱਜ ਕੱਲ੍ਹ ਤੇ ਆਪਣੇ ਘਰ ਦੇ ਇੱਕ ਬੰਦੇ ਨੂੰ ਬਦਲਾਉਣਾ ਔਖਾ ਹੈ। ਇਹ ਪਿਛਲੀ ਡਿਊਟੀ ਹੁੰਦੀ ਹੈ ਤਾਂ ਅੱਗੇ ਕਾਰਵਾਈ ਪੈਂਦੀ ਹੈ। ਮਹਾਂਪੁਰਸ਼ ਕਹਿਣ ਲੱਗੇ, ਕੀ ਸਾਨੂੰ ਵੀ ਦਵਾਈ ਦੇਵੋਗੇ? ਮਹਾਂਪੁਰਸ਼ੋ ਦੱਸੋ? ਬਾਬਾ ਜੀ ਕਹਿਣ ਲੱਗੇ, ਬਾਕੀ ਸਭ ਠੀਕ-ਠਾਕ ਹੈ ਪਰ ਕਦੀ-ਕਦੀ ਹਉਮੈ ਟਪਲਾ ਮਾਰ ਦਿੰਦੀ ਹੈ। ਸੰਗਤ ਜੀ ਧਿਆਨ ਦੇਣਾ। ਇੰਨੇ ਵੱਡੇ ਮਹਾਂਪੁਰਸ਼ ਵੀ ਇਸ ਗੱਲ ਤੋਂ ਸੁਚੇਤ ਨੇ। ਵੈਸੇ ਬਾਕੀ ਸਭ ਠੀਕ-ਠਾਕ ਏ, ਕਦੀ-ਕਦੀ ਹਉਮੈ ਟਪਲਾ ਮਾਰ ਦਿੰਦੀ ਹੈ, ਇਸ ਦੀ ਦਵਾਈ ਦਿਓ। ਕੀ ਭਾਵ ਸੀ? ਵਿਆਹ ਕਰਵਾਇਆ ਨਹੀਂ। ਜਤ-ਸਤ ਕਾਇਮ ਹੈ। ਵਾਸਨਾ ਕੋਈ ਬਣਦੀ ਨਹੀਂ। ਉਹ ਵੀ ਠੀਕ-ਠਾਕ ਹੈ। ਕੁੜਤੇ ਨੂੰ ਜੇਬ ਨਹੀਂ ਸੀ ਲਗਵਾਉਂਦੇ, ਕਿਤੇ ਗਲਤੀ ਨਾਲ ਵੀ ਮਾਇਆ ਨਾ ਪੈ ਜਾਵੇ। ਇਸ ਦੀ ਵੀ ਲੋੜ ਨਹੀਂ। ਇਸ ਵੱਲੋਂ ਵੀ ਠੀਕ-ਠਾਕ ਹੈ। ਅੰਮ੍ਰਿਤ ਵੇਲਾ ਵੀ ਕਾਇਮ ਹੈ। ਆਲਸ, ਨੀਂਦਰ ਤੇ ਵੀ ਕੰਟਰੋਲ ਹੈ। ਬਾਕੀ ਵੀ ਸਭ 'ਠੀਕ-ਠਾਕ', ਇਸ ਦਾ ਕੀ ਮਤਲਬ? ਅੰਮ੍ਰਿਤ ਵੇਲਾ ਵੀ ਕਾਇਮ ਹੈ। ਮਾਇਆ ਵੀ ਕਦੀ ਪਕੜੀ ਨਹੀਂ। ਇੰਨੀ ਸੋਝੀ ਆ ਗਈ, ਸਭ ਕੁਝ ਇੱਥੇ ਹੀ ਰਹਿ ਜਾਣਾ ਹੈ। ਜਤ-ਸਤ ਵੀ ਕਾਇਮ ਹੈ। ਕੋਈ ਵਾਸ਼ਨਾ ਨਹੀਂ ਬਣਦੀ। ਕਹਿਣ ਲੱਗੇ ਕਿ ਪੰਜ-ਪੰਜ ਜਗ੍ਹਾ ਅੰਮ੍ਰਿਤ ਸੰਚਾਰ ਹੁੰਦਾ ਸੀ। ਇੱਕ ਜੱਥਾ ਅੱਗੇ ਤੋਰਨਾ। ਆਪ ਫਿਰ ਪਿੱਛੇ ਪਹੁੰਚਣਾ। ਉਸ ਤੋਂ ਅੱਗੇ ਫਿਰ ਜੱਥਾ ਤੋਰ ਦੇਣਾ। ਪੰਜ-ਪੰਜ, ਛੇ-ਛੇ ਜੱਥੇ ਨਾਲ ਹੁੰਦੇ ਸੀ, ਕੀਰਤਨੀਏ। ਬਾਬਾ ਜੀ ਕਹਿੰਦੇ ਕਿ ਕਈ ਵਾਰ ਜਦੋਂ ਰਾਤੀਂ ਨੌਂ-ਦਸ ਵਜੇ ਵਾਪਸ ਪਹੁੰਚੀਦਾ ਹੈ, ਪਿੰਡਾਂ ਵਿੱਚੋਂ, ਨਗਰਾਂ ਵਿੱਚੋਂ ਹੋ ਕੇ ਕੁਦਰਤੀ ਗਿਣਤੀ ਸਾਹਮਣੇ ਆ ਜਾਂਦੀ ਹੈ ਕਿ ਅੱਜ ਚਾਰ ਜਗ੍ਹਾ ਅੰਮ੍ਰਿਤ ਸੰਚਾਰ ਹੋਇਆ ਹੈ, 5600 ਪ੍ਰਾਣੀ ਗੁਰੂ ਦੇ ਬੇੜੇ ਵਿੱਚ ਬੈਠੇ ਹਨ ਤੇ ਕਹਿੰਦੇ ਕਿ ਹਉਮੈ ਕਦੀ-ਕਦੀ ਟਪਲਾ ਮਾਰ ਦਿੰਦੀ ਹੈ ਕਿ ਸ਼ਾਇਦ ਮੇਰੇ ਕਰਕੇ ਹੀ 5600 ਪ੍ਰਾਣੀ ਗੁਰੂ ਦੇ ਬੇੜੇ ਵਿੱਚ ਬੈਠੇ ਹਨ। ਮਹਾਂਪੁਰਸ਼ ਕਹਿਣ ਲੱਗੇ, ਕਦੀ-ਕਦੀ ਹਉਮੈ ਟਪਲਾ ਮਾਰ ਦਿੰਦੀ ਹੈ ਕਿ ਮੇਰੇ ਕਰਕੇ ਬੈਠੇ ਹਨ। ਡਾਕਟਰੋ, ਕੋਈ ਇਸ ਦੀ ਦਵਾਈ ਹੈ ਤਾਂ ਦੇ ਦਿਓ। ਆਪੇ ਅੰਦਾਜ਼ਾ ਲਗਾ ਲਓ, ਇਸ ਤੋਂ ਬਚਣਾ ਕਿੰਨਾ ਔਖਾ ਹੈ, ਸਾਧ ਸੰਗਤ ਜੀ। ਦਾਸ ਅੱਜ ਤੋਂ 25-30 ਸਾਲ ਪਹਿਲਾਂ ਬਾਬਾ ਕੁੰਦਨ ਸਿੰਘ ਜੀ ਮਹਾਂਪੁਰਸ਼ਾਂ ਕੋਲ ਪਹਿਲੀ ਵਾਰ ਗਿਆ ਸੀ, ਉਨ੍ਹਾਂ ਦੇ ਕਮਰੇ ਵਿੱਚ ਦਾਖਲ ਹੋਏ ਤੇ ਮਹਾਂਪੁਰਸ਼ ਤਲਾਈ ਤੇ ਬੈਠੇ ਸਨ। ਅੱਧਾ ਇੰਚ ਦੀ ਤਲਾਈ ਹੋਵੇਗੀ। ਅੱਧੇ ਤੋਂ ਵੀ ਘੱਟ। ਬਾਕੀ ਕਮਰੇ ਵਿੱਚ ਦਰੀ ਵਿਛੀ ਸੀ। ਅਸੀਂ 13-14 ਸਰੀਰ ਸਾਂ। ਪਹਿਲੀ ਵਾਰੀ ਜਦੋਂ ਗਏ। ਇੱਕ ਸੇਵਾਦਾਰ ਨੇ ਬਾਬਾ ਜੀ ਨੂੰ ਕਿਹਾ ਕਿ ਅੰਮ੍ਰਿਤਸਰ ਤੋਂ ਸੰਗਤ ਆਈ ਹੈ। ਧਿਆਨ ਦੇਣਾ। ਸਾਨੂੰ ਨਹੀਂ ਸੀ ਸਮਝ। ਸੇਵਾਦਾਰ ਨੇ ਕਿਹਾ, ਅੰਮ੍ਰਿਤਸਰ ਤੋਂ ਸੰਗਤ ਆਈ ਹੈ। ਜੀ ਆਇਆਂ ਨੂੰ ਭਾਈ। ਬਾਬਾ ਜੀ ਦਾ ਸਰੀਰ ਬਿਰਧ ਬਹੁਤ ਸੀ। ਅੱਧੇ ਮਿੰਟ ਬਾਅਦ ਆਪਣੇ ਕੰਬਦੇ ਹੱਥਾਂ ਨਾਲ ਬਾਬਾ ਜੀ ਨੇ ਆਪਣੀ ਤਲਾਈ ਪਹਿਲਾਂ ਇੱਕ ਗੋਡੇ ਥੱਲੋਂ ਖਿੱਚੀ, ਫਿਰ ਦੂਜੇ ਗੋਡੇ ਥੱਲੋਂ ਖਿੱਚੀ। ਸੇਵਾਦਾਰ ਨੇ ਬੇਨਤੀ ਕੀਤੀ ਕਿ ਤਲਾਈ ਕਿਉਂ ਕੱਢਦੇ ਪਏ ਹੋ? ਤੇ ਕਹਿਣ ਲੱਗੇ ਕਿ ਅੰਮ੍ਰਿਤਸਰ ਤੋਂ ਸੰਗਤ ਆਈ ਹੈ, ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਨਗਰੀ ਤੋਂ। ਇਹ ਦਰੀ ਤੇ ਬੈਠੇ ਹਨ, ਮੈਂ ਤਲਾਈ ਤੇ ਬੈਠਾ ਹਾਂ, ਇਹ ਬੜੀ ਵੱਡੀ ਬੇਅਦਬੀ ਹੈ। ਹੁਣ ਆਪੇ ਅੰਦਾਜ਼ਾ ਲਗਾ ਲਓ। ਗਰੀਬੀ ਕੀ ਹੈ? ਨਿਮਰਤਾ ਕੀ ਹੈ? ਅਰਦਾਸ ਕਰੋ ਕਿ ਇੱਕ ਕਿਨਕਾ ਮਿਲ ਜਾਵੇ, ਮਿਲ ਜਾਵੇ। ਇੱਕ ਮਿੰਟ ਪੜ੍ਹੋ ਪਿਆਰ ਨਾਲ :

*ਹਉਂ ਤਿਸ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥*

*(ਵਾਰ: ੧੨, ਪਉੜੀ ੪)*

ਇਹ ਵਿਸ਼ਾ ਬੜਾ ਲੰਬਾ ਹੈ ਨਿਮਰਤਾ ਦਾ, ਪਰ ਹੈ

ਬੜਾ ਜ਼ਰੂਰੀ। ਨਿਮਰਤਾ ਸਿੱਖੀ ਦਾ ਮੂਲ ਹੈ।

ਇਹ ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਅਤਿ ਦੀ ਗਰੀਬੀ ਕਮਾਈ, ਹੁਣ ਚੋਲਾ ਬਦਲ ਗਏ ਹਨ, ਕਰੋੜਾਂ ਦੀਆਂ ਸੇਵਾਵਾਂ ਚਲ ਰਹੀਆਂ ਹਨ ਤੇ ਸਾਰੀਆਂ ਸੇਵਾਵਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਤੇ, ਆਪਣੇ ਨਾਂ ਨਹੀਂ। ਇਹ ਸਾਂਝ ਪੈ ਗਈ। ਇੱਕ ਦਿਨ ਦਾਸ ਨੂੰ ਪੁੱਛਿਆ, ਦਰਸ਼ਨ ਕਰਨ ਗਏ ਤੇ ਦਾਸ ਨੂੰ ਕਹਿੰਦੇ, ਗੁਰਇਕਬਾਲ ਸਿਆਂ, ਲੇਖ ਬਦਲਦੇ ਹਨ ਜਾਂ ਨਹੀਂ ਬਦਲਦੇ। ਦਾਸ ਨੇ ਸੋਚਿਆ ਕਿ ਹੁਣ ਕੀ ਕਹਾਂ। ਜੇ ਕਹਾਂ ਕਿ ਬਦਲਦੇ ਹਨ ਤਾਂ ਕਿਵੇਂ, ਜੇ ਕਹਾਂ ਕਿ ਨਹੀਂ ਬਦਲਦੇ ਹਨ ਤਾਂ ਕਿਵੇਂ, ਇਹ ਬਰੀਕੀ ਹੈ। ਦਾਸ ਨੇ ਸੋਚਿਆ ਕਿ ਹੱਥ ਜੋੜੇ ਹੀ ਚੰਗੇ। ਕਿਆ ਪਤਾ ਕਿਧਰ ਮੌਜ ਆ ਜਾਵੇ। ਤੁਸੀਂ ਇੱਕ ਨਾਂ ਸੁਣਿਆ ਹੋਵੇਗਾ ਸੰਤ ਬਾਬਾ ਦਰਸ਼ਨ ਸਿੰਘ ਜੀ ਘਨੂਪੁਰ ਕਾਲੇ ਵਾਲੇ, ਮਹਾਂਪੁਰਸ਼। ਮੱਥਾ ਨਹੀਂ ਸੀ ਟਿਕਾਉਂਦੇ। ਸਿਰਫ ਫਤਹਿ ਬੁਲਾਉਂਦੇ ਸਨ। ਛੇਹਰਟਾ, ਅੰਮ੍ਰਿਤਸਰ ਵੱਲ ਘਨੂਪੁਰ ਕਾਲੇ ਵਾਲੇ ਮਹਾਂਪੁਰਸ਼ ਸਨ। ਹੁਣ ਚੋਲਾ ਬਦਲ ਗਏ ਹਨ। ਅਸੀਂ ਇੱਕ ਵਾਰੀ ਛੇਹਰਟੇ ਜਾ ਰਹੇ ਸੀ। ਉੱਥੇ ਛੇਵੇਂ ਪਾਤਸ਼ਾਹ ਜੀ ਦਾ ਅਸਥਾਨ ਹੈ। ਪਹਿਲਾਂ ਪਾਣੀ ਦੇ ਨਲਕੇ ਨਹੀਂ ਸਨ ਤੇ ਹਰਟਾਂ ਲੱਗਦੀਆਂ ਸਨ। ਛੇ ਹਰਟਾਂ ਲਗਾਈਆਂ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਗਮਨ ਦੀ ਖੁਸ਼ੀ ਵਿੱਚ। ਇਹ ਛੇ ਹਰਟਾਂ, ਗੁ: ਛੇਹਰਟਾ ਸਾਹਿਬ ਅੱਜ ਵੀ ਮੌਜੂਦ ਹਨ। ਇਨ੍ਹਾਂ ਹਰਟਾਂ ਨਾਲ ਪਾਣੀ ਖੂਹ ਵਿੱਚੋਂ ਕੱਢਿਆ ਜਾਂਦਾ ਸੀ।

ਅਸੀਂ ਛੇਹਰਟਾ ਸਾਹਿਬ ਦਰਸ਼ਨ ਕਰਨ ਜਾ ਰਹੇ ਸੀ ਤੇ ਇਹ ਰਾਹ ਵਿੱਚ ਆਉਂਦਾ ਹੈ। ਅਸੀਂ ਪੰਜ ਸਰੀਰ ਸੀ। ਸੋਚਿਆ ਸੀ ਕਿ ਦਰਸ਼ਨ ਕਰਨ ਜਾਈਏ ਮਹਾਂਪੁਰਸ਼ਾਂ ਦੇ। ਸੰਗਤ ਧਿਆਨ ਦੇਣਾ। ਅਸੀਂ ਕਾਰ ਲਗਾਈ। ਉਹ ਅੱਗੇ ਪਿੱਤਲ ਦਾ ਜੰਗਲਾ ਲਗਾ ਕੇ ਰੱਖਦੇ ਸੀ। ਹੱਥ ਵਿੱਚ ਖੂੰਡੀ ਹੁੰਦੀ ਸੀ। ਕੋਈ ਮੱਥਾ ਟੇਕੇ ਤੇ ਫਿਰ ਤਾੜਨਾ ਕਰਨੀ। ਫਤਹਿ ਬੁਲਾਉ। ਮੱਥਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਟੇਕੋ। ਆਪਾਂ ਵੀ ਸਾਰਿਆਂ ਨੂੰ ਜੋਦੜੀ ਕਰਦੇ ਹਾਂ। ਅਸੀਂ ਫਤਹਿ ਬੁਲਾਈ, ਸੀਸ ਝੁਕਾਇਆ, ਆਪਣੇ ਵੱਲੋਂ ਸਤਿਕਾਰ ਦੇ ਨਾਲ। ਸਾਧ ਸੰਗਤ ਜੀ, ਸਾਡੇ ਨਾਲ ਇੱਕ ਸਰੀਰ ਨੇ 100/- ਰੁਪਿਆ ਮਹਾਂਪੁਰਸ਼ਾਂ ਅੱਗੇ ਸੇਵਾ ਲਈ ਰੱਖਿਆ ਕਿਉਂਕਿ ਮਹਾਂਪੁਰਸ਼ਾਂ ਕੋਲ ਖਾਲੀ ਨਹੀਂ ਜਾਈਦਾ। ਇਹ ਵੀ ਮਰਿਆਦਾ ਹੈ। ਬਾਬਾ ਨੰਦ ਸਿੰਘ ਜੀ ਦਾ ਬਚਨ ਹੈ ਕਿਸੇ ਮਹਾਂਪੁਰਸ਼ ਦੇ ਦਰਸ਼ਨ ਕਰਨ ਜਾਓ ਜੇਕਰ ਤੁਹਾਡੀ ਸਮਰੱਥਾ ਨਹੀਂ ਜੇਬ ਆਵਾਜ਼ ਨਹੀਂ ਦਿੰਦੀ ਭਾਵੇਂ ਪੰਜ ਦਾਤਣਾਂ ਹੀ ਲੈ ਜਾਓ ਪਰ ਗੁਰੂ ਸਾਹਿਬ ਕੋਲ, ਮਹਾਂਪੁਰਸ਼ਾਂ ਕੋਲ ਖਾਲੀ ਹੱਥ ਨਹੀਂ ਜਾਈਦਾ। ਅੱਜ ਸੰਗਤ ਦਾ ਨਿਚੋੜ ਦੱਸਦੇ ਪਏ ਸੀ ਭਾਈ ਅਮਨਦੀਪ ਸਿੰਘ ਜੀ। ਇਸ ਦਾ ਇੱਕ ਨਿਚੋੜ ਹੈ, ਸੰਗਤ ਵਿੱਚ ਜਦੋਂ ਵੀ ਆ, ਖਾਲੀ ਹੱਥ ਨਾ ਆ ਤੇ ਖਾਲੀ ਹੋ ਕੇ ਆ। ਇਸਦਾ ਕੀ ਭਾਵ? ਹੁਣ ਤੁਹਾਡੇ ਵਿੱਚੋਂ ਕੋਈ ਕਰੋੜਪਤੀ ਬੈਠਾ ਹੋਵੇ, ਕੋਈ ਬੜਾ ਗਿਆਨ ਵਾਲਾ ਬੈਠਾ ਹੋਵੇ, ਕੋਈ ਬੈਠਾ ਹੋਵੇ ਬੜਾ ਦਿਮਾਗ ਵਾਲਾ ਬੰਦਾ, ਵਾਹਿਗੁਰੂ ਵੱਲੋਂ ਕੋਈ ਗੌਰਮਿੰਟ ਦੇ ਵੱਡੇ ਅਹੁਦੇ ਤੇ ਹੋਵੇ, ਕੋਈ ਲੀਡਰ ਹੋਵੇ ਤੇ ਸੰਗਤ ਵਿੱਚ ਬੈਠਾ ਹੋਵੇ ਤੇ ਅੰਦਰ ਖਿਆਲ ਬਣਦੇ ਹੋਣ ਕਿ ਮੈਂ ਤਾਂ ਵੱਡਾ ਲੀਡਰ ਹਾਂ, ਮੈਂ ਇੰਨਾ ਵੱਡਾ ਗਿਆਨੀ ਹਾਂ, ਮੈਂ ਇੰਨਾ ਵੱਡਾ ਕਥਾਵਾਚਕ ਹਾਂ, ਮੈਂ ਇੰਨਾ ਵੱਡਾ ਕੀਰਤਨੀਆ ਹਾਂ, ਮੈਂ ਇੰਨਾ ਵੱਡਾ ਅਮੀਰ ਹਾਂ, ਮੈਨੂੰ ਤਾਂ ਗੁਰਦੁਆਰੇ ਦੀ ਕਮੇਟੀ ਨੇ ਚਾਰ-ਪੰਜ ਫੋਨ ਕੀਤੇ ਸੀ, ਮੈਂ ਤੇ ਤਾਂ ਆਇਆ ਹਾਂ ਨਹੀਂ ਤਾਂ ਮੇਰੇ ਕੋਲ ਕਿੱਥੇ ਟਾਈਮ ਸੀ। ਜੇ ਭਾਵਨਾ ਇਹ ਬਣਦੀ ਹੈ ਤਾਂ ਫਿਰ ਗੈਰ-ਹਾਜ਼ਰੀ ਲੱਗ ਰਹੀ ਹੈ। ਕਿਉਂ? ਕਿਉਂਕਿ ਤੂੰ ਅਹੁਦੇ ਨੂੰ ਨਾਲ ਲੈ ਕੇ ਆਇਆ ਹਾਂ। ਖਾਲੀ ਹੋ ਕੇ ਆ। ਮਹਾਂਪੁਰਸ਼ ਕਹਿੰਦੇ ਸੀ ਜਦੋਂ ਜੋੜੇ ਉਤਾਰੇ ਤੇ ਜਿਹੜਾ ਵੀ ਰੱਬ ਨੇ ਅਹੁਦਾ

ਦਿੱਤਾ ਹੋਵੇ, ਉਹ ਜੋੜਿਆਂ ਵਿੱਚ ਹੀ ਰੱਖ ਦੇ ਤੇ ਅੰਦਰ ਖਾਲੀ ਹੋ ਕੇ ਆ। ਫਿਰ ਭਾਂਡਾ ਭਰ ਕੇ ਜਾਂਦਾ ਹੈ। ਜੇ ਅੱਗੇ ਹੀ ਭਾਂਡਾ ਭਰਿਆ ਹੋਵੇ ਕਿ ਮੇਰੇ ਕੋਲ ਤਾਂ ਟਾਈਮ ਨਹੀਂ, ਮੈਨੂੰ ਤਾਂ ਕਈ ਸੁਨੇਹੇ ਆਏ ਸੀ, ਮੈਂ ਤਾਂ ਆਇਆ ਹਾਂ, ਸਾਧ ਸੰਗਤ ਜੀ, ਉਹ ਫਿਰ ਸੌਦਾ ਨਹੀਂ ਖਰੀਦ ਸਕਦਾ। ਭਾਂਡਾ ਅੱਗੇ ਹੀ ਭਰਿਆ ਪਿਆ ਹੈ। ਸੌਦਾ ਕਿੱਥੇ ਪਵੇ। ਗੁਰੂ ਕਿੱਥੇ ਸੌਦਾ ਪਾਵੇ। ਮਹਾਂਪੁਰਸ਼ ਕੋਲ, ਗੁਰੂ ਸਾਹਿਬ ਕੋਲ ਕਦੇ ਵੀ ਖਾਲੀ ਹੱਥ ਨਾ ਆ ਤੇ ਖਾਲੀ ਹੋ ਕੇ ਆ।

ਇਹ ਦਾਸ ਜ਼ਿਕਰ ਕਰ ਰਿਹਾ, ਅਸੀਂ ਪੰਜ ਸਰੀਰ ਸੀ, ਬਾਬਾ ਦਰਸ਼ਨ ਸਿੰਘ ਜੀ ਘਨੂਪੁਰ ਕਾਲੇ ਵਾਲੇ ਮਹਾਂਪੁਰਸ਼ ਤੇ ਜਦੋਂ ਫਤਹਿ ਬੁਲਾਈ, ਸੀਸ ਝੁਕਾਇਆ। ਪੂਰਾ ਮੱਥਾ ਨਹੀਂ ਟਿਕਾਇਆ, ਤਾੜਨਾ ਕਰਦੇ ਸੀ। ਇੱਕ ਸਰੀਰ ਨੇ 100/- ਰੁਪਿਆ ਅੱਗੇ ਰੱਖਿਆ। ਮੇਰੇ ਇੱਕ ਮਿੱਤਰ ਨੇ 50/- ਰੁ: ਦਾ ਨੋਟ ਕੱਢਿਆ, ਦੂਜੇ ਨੇ 100/- ਰੁ: ਦਾ ਨੋਟ ਕੱਢਿਆ। ਜੰਗਲਾ ਲਗਾਇਆ ਹੁੰਦਾ ਸੀ ਪਿੱਤਲ ਦਾ। ਉੱਥੇ ਰੱਖੇ ਤੇ ਸੇਵਾਦਾਰ ਨੇ ਮਾਇਆ ਫੜ ਲਈ ਤਾਂ ਕਿ ਜਿੱਥੇ-ਜਿੱਥੇ ਵੀ ਸੇਵਾ ਚਲਦੀ ਹੈ ਉੱਥੇ ਵਰਤੀ ਜਾਵੇ। ਮਹਾਂਪੁਰਸ਼ਾਂ ਕੋਲ ਖਾਲੀ ਨਹੀਂ ਆਉਣਾ। ਸੇਵਾਦਾਰ ਨੇ ਮਾਇਆ ਪਕੜ ਲਈ। ਸਾਡਾ ਚੌਥਾ ਸਰੀਰ। ਉਸ ਦੀ ਜੇਬ ਵਿੱਚ ਕੁਝ ਕਾਗਜ਼ ਸੀ ਤੇ ਕੁਝ ਨੋਟ ਸੀ। ਉਸ ਨੇ ਕੱਢੇ ਤੇ ਘੜੀ ਵੱਲ ਵੇਖ ਕੇ ਕਿੰਨੇ ਕੁ ਸੈਕਿੰਡ, 8-10 ਸੈਕਿੰਡ ਲਾਏ। ਇੰਨਾ ਕੁ ਟਾਈਮ ਸੋਚਿਆ ਹੋਵੇਗਾ। ਸੋਚ ਕੇ 500/- ਰੁ: ਦਾ ਨੋਟ ਕੱਢਿਆ, ਮਹਾਂਪੁਰਸ਼ਾਂ ਅੱਗੇ ਰੱਖਿਆ। ਹੁਣ ਪਹਿਲੇ ਤਿੰਨ ਬੰਦਿਆਂ ਦੀ ਭੇਟਾ ਚੁੱਕੀ ਜਾ ਚੁੱਕੀ ਹੈ, ਸੇਵਾਦਾਰ ਫੜ ਚੁੱਕਾ ਹੈ। ਰਾਤ ਦਾ ਟਾਈਮ ਸੀ, ਹਨੇਰਾ ਪੈ ਚੁੱਕਾ ਸੀ, ਸੱਤ ਕੁ ਵਜੇ ਦਾ ਟਾਈਮ ਸੀ। ਜਦੋਂ ਉਸ ਨੇ 500/- ਰੁ: ਦਾ ਨੋਟ ਰੱਖਿਆ ਤੇ ਮਹਾਂਪੁਰਸ਼ ਉਸ ਵੱਲ ਸੁੱਟ ਕੇ, ਖੂੰਡੀ ਦੇ ਪਿਛਲੇ ਹਿੱਸੇ ਨਾਲ, ਕਹਿੰਦੇ, ਕਾਕਾ, ਜੇਬ ਵਿੱਚ ਪਾ ਲੈ, ਦੁਕਾਨ ਬੰਦ ਹੋ ਗਈ ਹੈ। ਉਹ ਬੜਾ ਹੈਰਾਨ। ਦਸ ਸਕਿੰਟ ਨਹੀਂ ਬੀਤੇ। ਤਿੰਨ ਸਰੀਰਾਂ ਨੇ ਹੁਣੇ ਭੇਟਾ ਦਿੱਤੀ ਹੈ, ਸੇਵਾ ਜਿੱਥੇ-ਜਿੱਥੇ ਚੱਲ ਰਹੀ ਹੈ, ਮਹਾਂਪੁਰਸ਼ ਉੱਥੇ ਪਾਉਣਗੇ। ਉਨ੍ਹਾਂ ਦੀ ਸੇਵਾ ਮਹਾਂਪੁਰਸ਼ਾਂ ਨੇ ਲੈ ਲਈ। 10-15 ਸਕਿੰਟ ਨਹੀਂ ਬੀਤੇ ਤੇ ਮੇਰੀ ਵਾਰੀ ਆਈ ਤੇ ਕਹਿੰਦੇ ਕਿ ਦੁਕਾਨ ਬੰਦ ਹੋ ਗਈ ਹੈ। ਉਸ ਨੇ ਦੂਜੀ ਵਾਰੀ ਕਿਹਾ, ਮਹਾਂਪੁਰਸ਼ੋ ਪ੍ਰਵਾਨ ਕਰੋ। ਸੇਵਾ ਵਾਸਤੇ ਹੈ। ਫਿਰ ਰੱਖਿਆ। ਉਹ ਦੂਜੀ ਵਾਰ ਖੂੰਡੀ ਨਾਲ ਸੁੱਟ ਕੇ ਕਹਿੰਦੇ, ਤੈਨੂੰ ਸੁਣਿਆ ਨਹੀਂ। ਜੇਬ ਵਿੱਚ ਪਾ ਲੈ। ਦੁਕਾਨ ਬੰਦ ਹੋ ਗਈ ਹੈ। ਸਾਧ ਸੰਗਤ ਜੀ, ਉਸ ਨੇ ਤੀਜੀ ਵਾਰੀ ਕਿਹਾ। ਮਹਾਂਪੁਰਸ਼ੋ ਸੇਵਾ ਵਾਸਤੇ ਹੈ। ਮਹਾਂਪੁਰਸ਼ ਕਹਿਣ ਲੱਗੇ ਕਿ ਤੈਨੂੰ ਬਾਰ-ਬਾਰ ਕਹਿ ਰਹੇ ਹਾਂ ਕਿ ਜੇਬ ਵਿੱਚ ਪਾ ਲੈ, ਦੁਕਾਨ ਬੰਦ ਹੋ ਗਈ ਹੈ। ਦਾਸ ਨੇ ਉਸ ਵੇਲੇ ਉਸ ਦੀ ਬਾਂਹ ਫੜ ਲਈ। ਦਾਸ ਨੇ ਕਿਹਾ ਕਿ ਹੁਣ ਜੇਬ ਵਿੱਚ ਪਾ ਲੈ। ਮਹਾਂਪੁਰਸ਼ਾਂ ਦਾ ਬਚਨ ਦੋ ਧਾਰੀ ਖੰਡਾ ਹੈ, ਪਤਾ ਨਹੀਂ ਕਿਧਰ ਚੱਲ ਜਾਵੇ। ਇਸ ਲਈ ਥੋੜ੍ਹਾ ਜਿਹਾ ਭੈ ਵਿੱਚ ਹੀ ਠੀਕ ਹੈ, ਨਿਰਮਲ ਭੈਅ। ਨਿਰਮਲ ਭੈਅ ਹੀ ਠੀਕ ਹੈ। ਨਿਰਮਲ ਭੈਅ ਸਾਧ ਸੰਗਤ ਜੀ, ਦਾਸ ਦਾ ਮਨ ਨਾ ਖਲੋਵੇ। ਮਹਾਂਪੁਰਸ਼ਾਂ ਕੋਲੋਂ ਆਗਿਆ ਲਈ। ਜਦੋਂ ਕਾਰ ਵਿੱਚ ਬੈਠਣ ਲੱਗੇ ਉੱਥੇ ਹੀ, ਦਾਸ ਦਾ ਮਨ ਨਾ ਖਲੋਵੇ। ਸਾਰੇ ਕਾਰ ਵਿੱਚ ਬੈਠ ਗਏ ਤੇ ਦਾਸ ਕਾਰ ਤੋਂ ਬਾਹਰ ਆ ਗਿਆ। ਦਾਸ ਨੇ ਉਸ ਬੰਦੇ ਨੂੰ ਬਾਹਰ ਆਉਣ ਲਈ ਕਿਹਾ। ਜਦੋਂ ਬਾਹਰ ਆਇਆ, ਦਾਸ ਨੇ ਕਿਹਾ, ਇੱਕ ਗੱਲ ਦੱਸੋ। ਦਾਸ ਦਾ ਮਨ ਨਹੀਂ ਖਲੋ ਰਿਹਾ। ਅਸੀਂ 10-15 ਸਕਿੰਟ ਨਹੀਂ ਬੈਠੇ। ਉਨ੍ਹਾਂ ਦੀ ਸੇਵਾ ਲੈ ਲਈ। ਤੇਰੇ ਲਈ ਦੁਕਾਨ ਬੰਦ ਹੋ ਗਈ। ਦਾਸ ਨੇ ਕਿਹਾ ਕਿ ਇੱਕ ਗੱਲ ਦੱਸ। ਕਾਰਨ ਕੀ ਹੈ? ਜੇਬ ਵਿੱਚੋਂ ਨੋਟ ਕੱਢਣ ਲੱਗਿਆਂ ਜਿਹੜੇ 8-10 ਸਕਿੰਟ ਲੱਗੇ ਹਨ, ਤੇਰੇ ਅੰਦਰ ਕੋਈ ਫੁਰਨਾ ਤਾਂ ਨਹੀਂ ਬਣਿਆ। ਤੇਰੇ ਅੰਦਰ ਕੋਈ ਗੱਲ ਤਾਂ ਨਹੀਂ ਆਈ। ਧਿਆਨ ਦੇਣਾ।

ਦਾਸ ਨੂੰ ਕਹਿਣ ਲੱਗਾ ਕਿ ਇੱਕ ਗੱਲ ਬਣੀ ਹੈ। ਦਾਸ ਨੇ ਪੁੱਛਿਆ ਕਿ ਉਹ ਕੀ? ਕਹਿਣ ਲੱਗਾ, ਜਦੋਂ ਮੈਂ ਨੋਟ ਕੱਢਿਆ ਕਿ ਮੈਂ ਵੀ ਸੇਵਾ ਦਿਆਂ ਤੇ ਪਹਿਲਾਂ ਮੇਰੇ ਅੰਦਰ ਆਇਆ ਕਿ 100/- ਰੁਪਿਆ ਦਿਆਂ ਮਹਾਂਪੁਰਸ਼ਾਂ ਨੂੰ । ਨਾਲ ਹੀ ਫੁਰਨਾ ਆਇਆ ਕਿ 200/- ਰੁਪਿਆ ਦਿਆਂ। ਦੋ ਨੋਟ 100-100 ਦੇ ਦਿਆਂ। ਨਾਲ ਹੀ ਤੀਜਾ ਫੁਰਨਾ ਆਇਆ ਕਿ 500/- ਦਾ ਨੋਟ ਦਿਆਂ, ਬਾਬੇ ਵੀ ਕੀ ਯਾਦ ਕਰਨਗੇ, ਤਕੜਾ ਸੇਵਕ ਹੈ। ਪਹਿਲਿਆਂ ਨੇ 100-50 ਚੜ੍ਹਾਏ ਹਨ। ਪਹਿਲੇ ਨੇ 100 ਦਾ ਨੋਟ ਚੜ੍ਹਾਇਆ ਹੈ, ਦੂਜੇ ਨੇ 50 ਦਾ ਨੋਟ ਚੜ੍ਹਾਇਆ ਹੈ ਤੇ ਬਾਬੇ ਵੀ ਕੀ ਯਾਦ ਕਰਨਗੇ, ਇਹ ਤਕੜਾ ਸੇਵਕ ਹੈ। ਵੇਖ ਲਓ। ਕਿੰਨੀ ਅੰਦਰ ਦੀ ਪੱਟੀ ਪੜ੍ਹੀ ਗਈ ਹੈ। ਤੇਰੇ ਅੰਦਰ ਫੁਰਨਾ ਹੀ ਬਣਿਆ ਹੈ, 500/- ਰੁਪਿਆ ਦਿੰਦੇ ਹਾਂ। ਬਾਬੇ ਵੀ ਕੀ ਯਾਦ ਕਰਨਗੇ। ਉਨ੍ਹਾਂ ਨੇ ਖੂੰਡੀ ਨਾਲ ਸੁੱਟ ਕੇ ਤੈਨੂੰ ਕਹਿ ਦਿੱਤਾ ਹੈ, ਜੇਬ ਵਿੱਚ ਪਾ ਲੈ, ਦੁਕਾਨ ਬੰਦ ਹੋ ਗਈ ਹੈ। ਤੇਰੇ ਹੰਕਾਰ ਨੂੰ ਕਿਵੇਂ ਕੱਢ ਕੇ ਰੱਖ ਦਿੱਤਾ ਹੈ। ਗੱਲ ਜਿੱਥੋਂ ਸ਼ੁਰੂ ਹੋਈ ਸੀ ਪਰ ਹੁਣ ਦੂਸਰੇ ਪਾਸੇ ਚੱਲ ਪਈ ਹੈ। ਥੋੜ੍ਹਾ ਤਾਂ ਜ਼ਿਕਰ ਲਿਆ ਹੈ ਕਿ ਲੋੜ ਅਨੁਸਾਰ ਹੀ ਠੀਕ ਹੈ। ਉਸ ਨੇ ਦੂਜੀ ਵਾਰੀ ਵੀ ਕਿਹਾ ਕਿ ਮਹਾਂਪੁਰਸ਼ੋ, ਸੇਵਾ ਲਈ ਹੈ ਤੇ ਮਹਾਂਪੁਰਸ਼ ਕਹਿਣ ਲੱਗੇ ਕਿ ਤੈਨੂੰ ਸੁਣਿਆ ਨਹੀਂ, ਜੇਬ ਵਿੱਚ ਪਾ ਲੈ। ਉਦੋਂ ਦਾਸ ਨੇ ਉਸ ਦੀ ਬਾਂਹ ਫੜ ਲਈ ਸੀ। ਦਾਸ ਨੇ ਕਿਹਾ ਹੁਣ ਜੇਬ ਵਿੱਚ ਪਾ ਲੈ, ਫਿਰ ਜਦੋਂ ਦੁਬਾਰਾ ਆਵੇਂਗਾ, ਉਦੋਂ ਦੇ ਦੇਵੀਂ। ਹੁਣ ਸਮਾਂ ਇਹੋ ਜਿਹਾ ਹੈ ਕਿ ਬਚਨ ਪਤਾ ਨਹੀਂ ਕਿਧਰ ਚੱਲ ਜਾਵੇ।

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*

*(ਅੰਗ ੨੬੩)*

ਕਿਆ ਪਤਾ ਹੈ। ਕਿਧਰ ਚਲਾ ਜਾਵੇ ਬਚਨ। ਇਹ ਇੱਕ ਵਾਰੀ ਦਾਸ ਨਾਲ ਬੀਤੀ ਹੈ। ਮਹਾਂਪੁਰਸ਼ ਬਾਬਾ ਕੁੰਦਨ ਸਿੰਘ ਜੀ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਅਤਿ ਦੀ ਗਰੀਬੀ ਕਮਾਈ। ਕਰੋੜਾਂ ਦੀਆਂ ਚੱਲ ਰਹੀਆਂ ਸੇਵਾਵਾਂ ਪਰ ਸਭ ਗੁਰਦੁਆਰੇ ਸਕੂਲ, ਕਾਲਜ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ ਤੇ। ਇੱਕ ਦਿਨ ਦਾਸ ਨੂੰ ਕਮਰੇ ਵਿੱਚ ਬਿਠਾ ਲਿਆ ਤੇ ਕਹਿਣ ਲੱਗੇ, ਗੁਰਇਕਬਾਲ ਸਿਆਂ, ਲੇਖ ਬਦਲਦੇ ਹਨ ਜਾਂ ਨਹੀਂ। ਦਾਸ ਨੇ ਮਨ 'ਚ ਸੋਚਿਆ ਕਿ ਹੁਣ ਕੀ ਕਰਾਂ। ਦਾਸ ਵੀ ਫਸ ਗਿਆ। ਜੇ ਦਾਸ ਕਹੇ ਕਿ ਬਦਲਦੇ ਹਨ ਤੇ ਕਿਧਰੇ ਗਲਤ ਨਾ ਹੋਵੇ ਤੇ ਜੇ ਕਹਾਂ ਕਿ ਨਹੀਂ ਬਦਲਦੇ, ਉਹ ਨਾ ਗਲਤ ਹੋਵੇ। ਦਾਸ ਨੇ ਹੱਥ ਜੋੜੇ। ਦਾਸ ਨੇ ਬੇਨਤੀ ਕੀਤੀ ਆਪ ਜੀ ਸੁਮੱਤ ਦਿਓ। ਕਹਿਣ ਲੱਗੇ ਕਿ ਅਸੀਂ ਤੈਨੂੰ ਪੁੱਛਿਆ ਹੈ ਕਿ ਦੱਸ ਬਦਲਦੇ ਹਨ ਜਾਂ ਨਹੀਂ। ਦਾਸ ਨੇ ਦੁਬਾਰਾ ਹੱਥ ਜੋੜ ਦਿੱਤੇ ਕਿ ਆਪ ਜੀ ਹੀ ਸੁਮੱਤ ਦਿਓ। ਆਪ ਜੀ ਨੇ ਸਵਾਲ ਕੀਤਾ ਹੈ, ਆਪੇ ਹੀ ਦੱਸਣਾ ਕਰੋ। ਸ਼ਬਦ ਲੱਗਾ ਹੈ :

*ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ ॥*

ਦਾਸ ਥੋੜ੍ਹਾ ਜਿਹਾ ਸਮਾਂ ਆਪ ਜੀ ਦੇ ਸਾਹਮਣੇ ਰੱਖ ਰਿਹਾ ਹੈ। ਜਦੋਂ ਉਨ੍ਹਾਂ ਨੇ ਇੰਨੀ ਗੱਲ ਕਹੀ ਕਿ ਲੇਖ ਬਦਲਦੇ ਹਨ ਜਾਂ ਨਹੀਂ। ਦਾਸ ਕੁਝ ਨਾ ਬੋਲਿਆ। ਮਹਾਂਪੁਰਸ਼ਾਂ ਦੀ ਰਸਨਾ ਦੋ ਧਾਰੀ ਖੰਡਾ ਹੈ, ਕਿੱਧਰ ਚੱਲ ਜਾਵੇ, ਕੋਈ ਪਤਾ ਨਹੀਂ। ਦਾਸ ਨੇ ਹੱਥ ਜੋੜੇ। ਦਾਸ ਨੇ ਕਿਹਾ, ਬਾਬਾ ਜੀ ਆਪ ਹੀ ਸੁਮੱਤ ਬਖਸ਼ੋ। ਫਿਰ ਜੋ ਸੁਮੱਤ ਬਖਸ਼ੀ, ਸੰਗਤ ਜੀ, ਧਿਆਨ ਦੇਣਾ। ਫਿਰ ਕਿਰਪਾ ਕੀਤੀ। ਦਾਸ ਦਾ ਮੋਢਾ ਫੜ ਕੇ ਕਹਿਣ ਲੱਗੇ, ਦੋ ਬੰਦਿਆਂ ਦੇ ਲੇਖ ਨਹੀਂ ਬਦਲਦੇ, ਬਾਕੀ ਸਭ ਦੇ ਬਦਲਦੇ ਹਨ। ਹੁਣ ਸਾਧ ਸੰਗਤ ਜੀ, ਸਵਾਲ ਅੱਗੇ ਚੱਲ ਪਿਆ ਹੈ। ਖਤਮ ਨਹੀਂ ਹੋਇਆ। ਧਿਆਨ ਦੇਣਾ। ਦਾਸ ਨੇ ਹੱਥ ਜੋੜ ਲਏ। ਦਾਸ ਨੇ ਬੇਨਤੀ ਕੀਤੀ ਕਿ ਉਹ ਕਿਹੜੇ ਦੋ ਬੰਦੇ ਹਨ ਜਿਨ੍ਹਾਂ ਦੇ ਲੇਖ ਨਹੀਂ ਬਦਲਦੇ ਤੇ ਕਹਿਣ ਲੱਗੇ ਇੱਕ ਚੁਫੇਰੇ ਦੇ ਲੇਖ ਨਹੀਂ ਬਦਲਦੇ, ਇੱਕ ਬੇਮੁੱਖ ਦੇ ਲੇਖ ਨਹੀਂ ਬਦਲਦੇ। ਬਾਕੀ ਸਭ ਦੇ ਲੇਖ ਬਦਲਦੇ ਹਨ। ਦਾਸ ਨੇ ਪੁੱਛਿਆ,

ਮਹਾਂਪੁਰਸ਼ੋ, ਚੁਫੇਰਾ ਕੌਣ ਹੈ? ਕਹਿਣ ਲੱਗੇ, ਜਿਹੜਾ ਕਦੀ ਕਿਸੇ ਬੇੜੀ ਵਿੱਚ ਪੈਰ ਰੱਖੇ, ਕਦੀ ਕਿਸੇ ਬੇੜੀ ਵਿੱਚ ਪੈਰ ਰੱਖੇ, ਉਸ ਦੇ ਕਦੀ ਲੇਖ ਨਹੀਂ ਬਦਲਦੇ। ਹੁਣ ਸਾਰੇ ਝਾਤੀ ਪਾਓ ਜ਼ਰਾ ਅੱਜ। ਸਤਿਕਾਰ ਹਰ ਬੂਹੇ ਦਾ ਕਰੋ, ਸਤਿਕਾਰ ਹਰ ਧਰਮ ਦਾ ਕਰੋ, ਸਤਿਕਾਰ ਹਰ ਦਰਵਾਜ਼ੇ ਦਾ ਕਰੋ ਪਰ ਬੈਠੋ ਇੱਕ ਬੇੜੀ ਵਿੱਚ। ਬੈਠੋ ਸਿਰਫ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇੜੇ ਵਿੱਚ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੇੜੇ ਵਿੱਚ। ਇੱਕ ਦੇ ਬੇੜੇ ਵਿੱਚ। ਚੁਫੇਰੇ ਨਹੀਂ ਬਣਨਾ। ਇੱਕ ਦੇ ਬੇੜੇ ਵਿੱਚ ਬੈਠਣਾ ਹੈ। ਫਿਰ ਤੇਰੇ ਲੇਖ ਵੀ ਬਦਲਣਗੇ। ਇਹ ਬਹੁਤ ਲੋੜ ਹੈ। ਇਸ ਪ੍ਰਚਾਰ ਦੀ ਬਹੁਤ ਲੋੜ ਹੈ, ਗੁਰੂ ਪਿਆਰਿਓ! ਇਸ ਤੇ ਪਹਿਰਾ ਦਿਓ। ਜੋਦੜੀ ਕਰਿਆ ਕਰੋ। ਅਰਦਾਸ ਕਰਿਆ ਕਰੋ। ਜਿਹੜੀਆਂ ਵਿਧਵਾ ਬੀਬੀਆਂ ਰਾਸ਼ਨ ਪ੍ਰਾਪਤ ਕਰਦੀਆਂ ਹਨ ਹਰ ਮਹੀਨੇ। ਰਹਿੰਦੀਆਂ ਆਪਣੇ ਘਰਾਂ ਵਿੱਚ ਹਨ। ਬਾਬਾ ਜੀ ਅਲੱਗ-ਅਲੱਗ ਜਗ੍ਹਾ ਹੋਰ ਵੀ ਸੇਵਾ ਲੈ ਰਹੇ ਹਨ। ਅਜਿਹਾ ਉਪਰਾਲਾ ਨਾਸਿਕ ਵੀ ਹੋ ਰਿਹਾ ਹੈ। ਯਤਨ ਕਰ ਰਹੇ ਹਾਂ। ਭਲਾਈ ਕੇਂਦਰ 30-40 ਬੰਦੇ ਤਨਖਾਹ ਤੇ ਹਨ। ਤਨਖਾਹ ਤੇ ਕੰਮ ਕਰਦੇ ਹਨ। ਕਈਆਂ ਦੀ ਡਿਊਟੀ ਹੈ ਗੋਲਕ ਖੋਲ੍ਹਣੀ। ਕਈਆਂ ਨੇ ਰਾਸ਼ਨ ਲਿਖਾਇਆ ਹੁੰਦਾ ਹੈ ਕਿ ਸਾਡੇ ਕੋਲੋਂ ਮਹੀਨੇ ਬਾਅਦ ਦਸ ਕਿਲੋ ਆਟਾ ਲੈ ਜਾਇਆ ਕਰੋ। ਸਾਡੇ ਇੱਕ ਤਨਖਾਹ ਵਾਲੇ ਮੁੰਡੇ ਨੇ ਸਾਈਕਲ ਉੱਤੇ ਇੱਕ ਪਲਾਸਟਿਕ ਦੇ ਲਿਫਾਫੇ ਵਿੱਚ ਰਸੀਦ ਬੁੱਕ ਪਾਈ, ਦੋ ਹਜ਼ਾਰ ਰੁਪਿਆ ਵੀ ਸੀ। ਸਾਧ ਸੰਗਤ ਜੀ, ਪਲਾਸਟਿਕ ਦਾ ਲਿਫਾਫਾ ਬੈਗ ਵਿੱਚ ਪਾਇਆ ਸੀ ਤੇ ਤਣੀ ਟੁੱਟ ਕੇ ਕਿਤੇ ਡਿੱਗ ਗਈ। ਪਤਾ ਲੱਗਾ ਕਿ ਰਸੀਦ ਬੁੱਕ ਗਵਾਚ ਗਈ ਹੈ, ਮੁੰਡੇ ਕੋਲੋਂ। ਟਰੱਸਟ ਹੋਣ ਕਰਕੇ ਸਾਨੂੰ ਇਹ ਮਤਾ ਪਾਉਣਾ ਪੈਂਦਾ ਹੈ ਰਜਿਸਟਰ ਵਿੱਚ ਬਕਾਇਦਾ ਕਿ ਇੰਨੇ ਨੰਬਰ ਦੀ ਰਸੀਦ ਬੁੱਕ ਗਵਾਚ ਗਈ ਹੈ। ਉਸ ਵੇਲੇ ਮਤਾ ਪਾਉਣਾ ਪੈਂਦਾ ਹੈ ਤਾਂ ਕਿ ਜੇ ਕਿਤੇ ਗਲਤ ਇਸਤੇਮਾਲ ਨਾ ਹੋਵੇ। ਅਸੀਂ ਉਸ ਵੇਲੇ ਮਤਾ ਪਾਇਆ ਕਿ ਇਸ ਤਰ੍ਹਾਂ ਰਸੀਦ ਬੁੱਕ ਗਵਾਚ ਗਈ ਹੈ। ਕਿਸੇ ਕੋਲੋਂ ਵੀ ਗਲਤੀ ਹੋ ਸਕਦੀ ਹੈ। ਸਾਡੇ ਕੋਲੋਂ ਵੀ ਹੋ ਸਕਦੀ ਹੈ। ਦੋ ਕੁ ਦਿਨ ਬੀਤ ਗਏ। ਦਾਸ ਨੇ ਉਸ ਸਰੀਰ ਨੂੰ ਬੁਲਾਇਆ। ਦਾਸ ਨੇ ਕਿਹਾ ਕਿ ਪਤਾ ਲੱਗਾ? ਜਿਸ ਬਜ਼ਾਰ ਵਿੱਚ ਰਸੀਦ ਬੁੱਕ ਡਿੱਗੀ ਹੈ ਉੱਥੇ ਚੱਕਰ ਲਗਾਉਣਾ ਸੀ। ਪਤਾ ਕਰਨਾ ਸੀ। ਸਾਈਕਲ ਤੇ ਸੀ। ਦਾਸ ਨੂੰ ਕਹਿੰਦਾ ਹੈ ਕਿ ਮੈਂ ਚੱਕਰ ਲਗਾਇਆ ਸੀ, ਬਜ਼ਾਰ ਵਿੱਚੋਂ ਨਹੀਂ ਮਿਲੀ ਪਰ ਪਰਸੋਂ ਤੱਕ ਮਿਲ ਜਾਣੀ ਹੈ। ਦਾਸ ਨੇ ਕਿਹਾ ਕਿ ਉਹ ਕਿਵੇਂ? ਕਹਿਣ ਲੱਗਾ ਹੈ ਕਿ ਮੈਂ ਆਪਣੇ ਪਿਤਾ ਜੀ ਨਾਲ ਲੂਣ ਮੰਡੀ ਗਿਆ ਸੀ। ਅੰਮ੍ਰਿਤਸਰ ਲੂਣ ਮੰਡੀ ਹੈ। ਕਹਿਣ ਲੱਗਾ ਕਿ ਮੈਂ ਲੂਣ ਮੰਡੀ ਆਪਣੇ ਪਿਤਾ ਜੀ ਨਾਲ ਇੱਕ ਜੋਤਸ਼ੀ ਕੋਲ ਗਿਆ ਸੀ ਤੇ ਉਸ ਨੇ 25/- ਰੁ: ਲਏ ਸੀ, ਸਾਰੀ ਕਾਰਵਾਈ ਦੇ। ਉਹ ਕਹਿਣ ਲੱਗਾ ਕਿ ਪੈਸੇ ਨਹੀਂ ਲੱਭਣੇ ਪਰ ਰਸੀਦ ਬੁੱਕ ਪਰਸੋਂ ਤੱਕ ਲੱਭ ਜਾਵੇਗੀ। ਦਾਸ ਨੇ ਸੋਚਿਆ ਕਿ ਪੱਗ ਇਸ ਨੇ ਬੰਨੀ ਹੈ, ਦਾਹੜੀ ਮੁੱਖ ਤੇ ਹੈ, ਸਿੱਖ ਹੈ। ਸਾਧ ਸੰਗਤ ਜੀ, ਸਾਬਤ-ਸੂਰਤ ਹੈ। ਦਾਸ ਨੇ ਕਿਹਾ ਕਿ ਇਸ ਦੇ ਤਾਂ ਹਿਰਦੇ ਤੇ ਬੈਠਾ ਪਿਆ ਹੈ ਜੋਤਸ਼ੀ, ਸਿਆਣਾ। ਹੱਦ ਹੋ ਗਈ। ਦਾਸ ਨੇ ਸੋਚਿਆ ਕਿ ਇਸ ਨੂੰ ਹੁਣ ਕੋਈ ਗੱਲ ਕਹੀ ਤੇ ਅਸਰ ਨਹੀਂ ਹੋਣਾ, ਹੁਣ ਪਰਸੋਂ ਲੰਘ ਲੈਣ ਦਿਓ। ਦਾਸ ਨੇ ਪੁੱਛਿਆ ਕਿ ਪਰਸੋਂ ਲੱਭ ਪੈਣੀ ਹੈ। ਕਹਿਣ ਲੱਗਾ ਕਿ ਹਾਂ। ਪਰਸੋਂ ਲੰਘ ਗਿਆ। ਇੱਕ-ਦੋ ਦਿਨ ਹੋਰ ਲੰਘ ਗਏ। ਦਾਸ ਨੇ ਫਿਰ ਬੁਲਾਇਆ। ਦਾਸ ਨੇ ਪੁੱਛਿਆ ਕੀ ਬਣਿਆ? ਕਹਿਣ ਲੱਗਾ ਕਿ ਨਹੀਂ ਲੱਭੀ। ਦਾਸ ਨੇ ਕਿਹਾ ਕਿ ਤੂੰ ਤਾਂ ਕਹਿੰਦਾ ਸੀ ਕਿ ਸਿਆਣੇ ਕੋਲ ਗਿਆ ਹਾਂ। ਉਹ ਕਹਿੰਦਾ ਸੀ ਕਿ ਪਰਸੋਂ ਲੱਭ ਪੈਣੀ ਹੈ। ਕਹਿਣ ਲੱਗਾ, ਗਏ ਤਾਂ ਸੀ। ਉਸ ਨੇ ਹੱਥ ਵੀ ਵੇਖਿਆ ਸੀ। 25/- ਰੁ: ਵੀ ਲਏ ਸੀ ਤੇ ਕਹਿੰਦਾ ਸੀ ਕਿ ਪਰਸੋਂ ਲੱਭ ਪੈਣੀ ਹੈ ਪਰ ਲੱਭੀ ਨਹੀਂ।

ਧਿਆਨ ਦੇਣਾ। ਦਾਸ ਨੇ ਕਿਹਾ ਕਿ ਇੱਕ ਨਿੱਕੀ ਜਿਹੀ ਗੱਲ ਤੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੂਹਾ ਛੱਡ ਦਿੱਤਾ ਤੇ ਸਿਆਣੇ ਦੇ ਬੂਹੇ ਤੇ ਚਲਾ ਗਿਆ। ਦਾਸ ਦਾਅਵੇ ਨਾਲ ਕਹਿੰਦਾ ਹੈ ਕਿ ਜਦੋਂ ਤੂੰ ਸਿਆਣੇ ਦੀਆਂ ਪੌੜੀਆਂ ਚੜ੍ਹ ਰਿਹਾ ਹੋਵੇਂਗਾ, ਤੈਨੂੰ ਸ਼ਰਮ ਆਈ ਜਾਂ ਨਹੀਂ ਪਰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੀ ਸੋਚ ਰਹੇ ਹੋਣਗੇ ਕਿ ਮੋਹਰ ਤਾਂ ਮੇਰੀ ਲੱਗੀ ਹੈ ਪਰ ਮੇਰਾ ਸਿੱਖ ਪੌੜੀਆਂ ਕਿਹੜੀਆਂ ਚੜ੍ਹਦਾ ਪਿਆ ਹੈ। ਇਹ ਚੁਫੇਰੇ ਹੁੰਦੇ ਹਨ ਕਿ ਜਿੱਥੇ ਦਿਲ ਕੀਤਾ ਉੱਥੇ ਚਲੇ ਗਏ। ਸਤਿਕਾਰ ਹਰ ਥੜ੍ਹੇ ਦਾ ਕਰੋ ਪਰ

*ਮਨੁ ਬੇਚੈ ਸਤਿਗੁਰ ਕੈ ਪਾਸਿ ॥*

*(ਅੰਗ ੨੮੬)*

ਇੱਕ ਪੰਕਤੀ ਪੜ੍ਹ ਲਓ। ਸਤਿਕਾਰ ਮੰਦਰ ਦਾ ਵੀ, ਮਸੀਤ ਦਾ ਵੀ, ਗਿਰਜਾ ਘਰ ਦਾ ਵੀ, ਸਤਿਕਾਰ ਸਭ ਦਾ ਕਿਉਂਕਿ ਸਾਡੇ ਪਿਤਾ ਨੇ ਨਫਰਤ ਨਹੀਂ ਸਿਖਾਈ ਪਰ ਦੁੱਖ-ਸੁੱਖ ਇੱਕ ਨਾਲ ਹੀ ਸਾਂਝਾ ਕਰਨਾ ਹੈ। ਮਨ ਇੱਕ ਨਾਲ ਹੀ ਸਾਂਝਾ ਕਰਨਾ ਹੈ। ਅੱਜ ਮੋਹਰਾਂ ਲੱਗ ਜਾਣ ਹਿਰਦੇ ਤੇ :

*ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥*

*(ਅੰਗ ੫੯੦)*

ਭਗਤ ਫਰੀਦ ਜੀ ਕਿੰਨੇ ਪਹੁੰਚੇ ਹੋਏ ਫਕੀਰ ਹੋਏ ਹਨ। ਇੱਥੋਂ ਤੱਕ ਕਿ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਠਾ ਦਿੱਤਾ। ਜਦੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਦੇ ਹਾਂ ਤੇ ਭਗਤ ਫਰੀਦ ਜੀ ਨੂੰ ਵੀ ਕਰਦੇ ਹਾਂ। ਇੱਕ ਦਿਨ ਭਗਤ ਫਰੀਦ ਜੀ ਪਿਆਰ ਵਿੱਚ ਕਹਿੰਦੇ, ਹੇ ਅੱਲਾ, ਤੂੰ ਜੋ ਦੇਵੇਂ, ਮੈਨੂੰ ਮਨਜ਼ੂਰ ਪਰ ਹੇ ਅੱਲਾ, ਇੱਕ ਚੀਜ਼ ਮੈਨੂੰ ਨਾ ਦੇਵੀਂ। ਕਦੇ ਕੋਈ ਇਹ ਗੱਲ ਕਹਿ ਸਕਦਾ ਹੈ ਕਿ ਹੇ ਵਾਹਿਗੁਰੂ, ਫਲਾਣੀ ਚੀਜ਼ ਮੈਨੂੰ ਨਾ ਦੇਵੀਂ। ਇਹ ਹਕੀਕਤ ਹੈ। ਭਗਤ ਫਰੀਦ ਜੀ ਕਹਿੰਦੇ, ਹੇ ਰੱਬਾ, ਜੋ ਤੇਰਾ ਭਾਣਾ ਹੈ। ਹੇ ਰੱਬਾ, ਜੋ ਤੇਰੀ ਲੀਲਾ ਹੈ। ਹੇ ਰੱਬਾ, ਜੋ ਤੇਰੀ ਕੁਦਰਤ ਹੈ। ਜੋ ਤੂੰ ਕੁਦਰਤ ਅਨੁਸਾਰ, ਭਾਣੇ ਅਨੁਸਾਰ ਦੇ ਰਿਹਾ ਹੈਂ, ਸ਼ੁਕਰ ਹੈ ਪਰ ਇੱਕ ਚੀਜ਼ ਜੇ ਮੇਰੇ ਕਰਮਾਂ ਵਿੱਚ ਵੀ ਲਿਖੀ ਹੋਵੇ, ਉਹ ਨਾ ਦੇਈਂ। ਹੱਦ ਹੋ ਗਈ। ਨਿਰੰਕਾਰ ਨੂੰ ਕਹੇ ਕਿ ਇੱਕ ਚੀਜ਼ ਕਰਮਾਂ ਵਿੱਚ ਵੀ ਲਿਖੀ ਹੋਵੇ ਤੇ ਨਾ ਦੇਈਂ। ਉਹ ਕਿਹੜੀ ਚੀਜ਼, ਆਓ ਪੜ੍ਹੋ ਪਿਆਰ ਨਾਲ :

*ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥*

*(ਅੰਗ ੧੩੮੦)*

ਭਗਤ ਫਰੀਦ ਜੀ ਕਹਿੰਦੇ ਹਨ, ਹੇ ਅੱਲਾ, ਇੱਕ ਚੀਜ਼ ਜ਼ਿੰਦਗੀ ਵਿੱਚ ਮੈਨੂੰ ਨਾ ਦੇਈਂ। ਉਹ ਕਿਹੜੀ? ਕਹਿੰਦੇ ਇਹ ਚੀਜ਼ ਨਾ ਦੇਈਂ ਕਿਸੇ ਪਰਾਏ ਦੇ ਬੂਹੇ ਤੇ ਬੈਠਣਾ।

*ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥*

ਇੱਕ ਅਵਾਜ਼ ਆਈ। ਭਗਤ ਫਰੀਦ ਜੀ, ਜੇ ਤੇਰੇ ਕਰਮਾਂ ਵਿੱਚ ਹੀ ਲਿਖਿਆ ਹੋਵੇ ਕਿ ਫਲਾਣੇ ਬੂਹੇ ਅੱਗੇ ਬੈਠਣਾ ਤੇ ਫਿਰ ਕੀ ਕਰੋਗੇ। ਭਗਤ ਫਰੀਦ ਜੀ ਕੀ ਕਹਿੰਦੇ ਹਨ :

*ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥*

*(ਅੰਗ ੧੩੮੦)*

ਜੀਉ ਕਹਿੰਦੇ ਹਨ ਆਤਮਾ ਨੂੰ ਤੇ ਸਰੀਰ ਕਹਿੰਦੇ ਹਨ ਪਿੰਡੇ ਨੂੰ। ਮੇਰੀ ਆਤਮਾ ਨੂੰ ਸਰੀਰ ਵਿੱਚੋਂ ਕੱਢ ਲਓ ਪਰ ਪਰਾਏ ਦਾ ਬੂਹਾ ਨਾ ਵਿਖਾਈਂ। ਕਬੀਰ ਜੀ ਰਾਮ ਰਾਮ ਜਪਦੇ ਸੀ ਤੇ ਸਿਕੰਦਰ ਲੋਧੀ ਜਦੋਂ ਜਬਰੀ ਕਹਿੰਦਾ ਹੈ ਅੱਲਾ ਕਹੋ। ਜਬਰੀ ਗੱਲ ਤਾਂ ਮਾੜੀ ਹੈ। ਨਹੀਂ ਤਾਂ ਅੱਲਾ ਵੀ ਕਿੰਨੀ ਵਾਰੀ ਉਨ੍ਹਾਂ ਨੇ ਉਚਾਰਿਆ :

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*

*(ਅੰਗ ੧੩੪੯)*

*—ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ*

## ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

"ਇਕਾਦਸ਼ੀ ਕੇ ਦਿਨ ਕਹਿੰਦੇ ਐ ਚੁਲ੍ਹਾ ਨਹੀਂ ਬਾਲਣਾ!" ਬਾਬਾ ਜੀ ਬਚਨ ਕਰਨ ਲੱਗੇ। "ਮਨਸੁਖ ਦੇ ਘਰੋਂ ਧੂੰਆਂ ਨਿਕਲਦਾ ਹੈ। ਜਾ ਸ਼ਿਵਨਾਭ ਰਾਜੇ ਪਾਸ ਸ਼ਿਕਾਇਤ ਕੀਤੀ। ਸੱਦ ਲਿਆ। ਭਾਈ ਤੂੰ ਅੱਗ ਬਾਲੀ? ਹਾਂ! ਕੀ ਕਾਰਨ ਹੈ? ਮਨਾਂ ਜੁ ਕੀਤਾ ਸੀ ਇਕਾਦਸ਼ੀ ਨੂੰ ਚੁੱਲ੍ਹਾ ਨਹੀਂ ਬਾਲਣਾ। ਸਿੱਖ ਕਹਿੰਦਾ ਹੈ ਮੇਰੇ ਗੁਰੂ ਦਾ ਉਪਦੇਸ਼ ਹੈ ਥੋੜ੍ਹਾ ਬੋਲਣਾ, ਥੋੜ੍ਹਾ ਖਾਵਣਾ ਤੇ ਥੋੜ੍ਹਾ ਸਵਣਾ ਹੈ। ਨਿਤਨੇਮ ਕਰਨਾ ਐ ਤੇ ਆਪ ਨੂੰ ਪਰਮੇਸ਼ਰ ਪਰਾਇਣ ਕਰ ਦੇਣਾ ਹੈ। ਸੋ ਰਾਜਾ ਮੇਰਾ ਤਾਂ ਰੋਜ਼ ਹੀ ਵਰਤ ਹੈ। ਰਾਜੇ ਕੋ ਖੁਸ਼ੀ ਹੋਈ। ਸੱਚ ਆਖਦਾ ਹੈ। ਬੋਲਾਂ ਮੇਂ ਖਿੱਚ ਹੈ। ਪੁੱਛਦਾ ਐ ਤੇਰਾ ਗੁਰੂ ਕੌਣ ਐ? ਕਿਹਾ, "ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ!" ਰਾਜੇ ਨੇ ਕਿਹਾ, "ਉਨ੍ਹਾਂ ਨੂੰ ਇੱਥੇ ਬੁਲਾਓ, ਮੈਂ ਵੀ ਦਰਸ਼ਨ ਕਰਾਂ।" ਉਹ ਕਿਸੇ ਦੇ ਬੁਲਾਏ ਨਹੀਂ ਆਂਵਦੇ। ਕਿਵੇਂ ਆਉਣਗੇ? ਰਾਜਾ ਨਿਤਨੇਮ ਕਰਿਆ ਕਰ, ਅਰਜੋਈ ਕਰਿਆ ਕਰ। ਅੰਤਰਜਾਮੀ ਪਾਤਸ਼ਾਹ ਆਪ ਆ ਕੇ ਦਰਸ਼ਨ ਦੇਣਗੇ। ਰਾਜਾ ਹੁਣ ਨਿਤਨੇਮ ਕਰਦਾ ਹੈ। ਅਰਜੋਈਆਂ ਕਰਦਾ ਹੈ।

ਇੱਕ ਦਿਨ ਪਤਾ ਲੱਗਾ ਬਾਗ ਮੇਂ ਇੱਕ ਫ਼ਕੀਰ ਉਤਰਿਆ ਹੈ। ਨਾਲ ਦੋ ਸਾਥੀ ਹਨ। ਬਾਗ ਉਨ੍ਹਾਂ ਦੇ ਆਉਣ ਨਾਲ ਹਰਿਆ ਹੋ ਗਿਆ ਐ। ਕਹਿੰਦਾ ਹੈ ਪਰਖ ਕਰੀਏ। ਦਾਸੀਆਂ ਨੂੰ ਬਾਗ ਮੇਂ ਵੇਖਣ ਵਾਸਤੇ ਭੇਜਿਆ। ਇਨ੍ਹਾਂ ਨੇ ਗੁਰੂ ਸਾਹਿਬ ਪਾਸ ਆਪਣਾ ਆਪ ਵਿਖਾਉਣ ਦਾ ਯਤਨ ਕੀਤਾ। ਬਾਬਾ ਜੀ ਨੇ ਮਿਹਰ ਦੀ ਨਜ਼ਰ ਨਾਲ ਨਿਹਾਲ ਕੀਤਾ। ਬਾਣੀ ਉਚਾਰਨ ਕੀਤੀ-

*ਜਗੁ ਕਊਆ ਨਾਮੁ ਨਹੀ ਚੀਤਿ ॥*
*ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥*

.............................................

*ਗਾਛਹੁ ਪੁਤ੍ਰੀ ਰਾਜ ਕੁਆਰਿ ॥*
*ਨਾਮੁ ਭਣਹੁ ਸਚੁ ਦੋਤੁ ਸਵਾਰਿ ॥*

*(ਅੰਗ ੧੧੮੭)*

ਨਾਮ ਦਾ ਉਪਦੇਸ਼ ਦਿੱਤਾ। ਸੱਚ ਦੀਆਂ ਮੂਰਤਾਂ ਬਣਾ ਕੇ ਭੇਜਿਆ। ਰਾਜੇ ਕੋ ਕਹਿਣ ਲੱਗੀਆਂ ਹੁਣ ਤੱਕ ਪਾਪਾਂ ਵਿੱਚ ਜ਼ਿੰਦਗੀ ਬੇਅਰਥ ਗੁਆਈ ਹੈ, ਹੁਣ ਇਹ ਨੌਕਰੀ ਨਹੀਂ ਕਰਨੀ। ਹੁਣ ਰਾਜੇ ਨੇ ਆਪਣੇ ਮਾਮੇ ਨੂੰ ਭੇਜਿਆ। ਪਿੱਛੋਂ ਮਨ ਵਿੱਚ ਸੋਚਦਾ ਹੈ ਮੇਰੇ ਨਾਲੋਂ ਇਹ ਇਸਤਰੀਆਂ ਚੰਗੀਆਂ ਨੇ ਜੋ ਨਿਰੰਜਨੀ ਜੋਤ ਦੇ ਦਰਸ਼ਨ ਕਰ ਆਈਆਂ। ਮਾਮਾ ਭਾਗਾਂ ਵਾਲਾ ਹੈ ਜੋ ਦਰਸ਼ਨਾਂ ਨੂੰ ਗਿਆ ਹੈ। ਉੱਠਿਆ ਤਿਆਰੀ ਕੀਤੀ। ਹੀਰੇ ਜਵਾਹਰਾਤ ਦੇ ਥਾਲ ਲੈ ਹਾਜ਼ਰ ਹੋਇਆ। ਮੱਥਾ ਟੇਕਿਆ। ਨੌਕਰਾਂ ਨੇ ਥਾਲ ਅੱਗੇ ਰੱਖੇ। ਸਤਿਗੁਰਾਂ ਨੇ ਕੋਈ ਸ਼ੈ ਅੰਗੀਕਾਰ ਨਾ ਕੀਤੀ। ਰਾਜੇ ਨੂੰ ਬਚਨ ਕੀਤੇ, ਇਨ੍ਹਾਂ ਦੀ ਸਾਨੂੰ ਲੋੜ ਨਹੀਂ। ਕਹੇਂ ਤਾਂ ਅਕਾਲ ਪੁਰਖ ਤੋਂ ਹੋਰ ਦੁਆ ਦੇਈਏ। ਰਾਜੇ ਨੇ ਪ੍ਰੇਮ ਨਾਲ ਸੀਸ ਚਰਨਾਂ 'ਤੇ ਰੱਖਿਆ। ਬੜੇ ਬੈਰਾਗ ਵਿੱਚ ਹੋ ਗਿਆ ਤੇ ਹੱਥ ਜੋੜ ਬੇਨਤੀ ਕੀਤੀ, ਸਤਿਗੁਰੂ ਜੀ! ਸ਼ਹਿਰ ਵਿੱਚ ਚਲੋ ਦਾਸ ਦਾ ਗ੍ਰਹਿ ਪਵਿੱਤਰ ਕਰੋ, ਪਰਸ਼ਾਦਾ ਛਕੋ ਜੀ! ਸਤਿਗੁਰਾਂ ਨੇ ਪੁੱਛਿਆ, ਰਾਜਾ ਦੱਖਣਾ ਕੀ ਦੇਸੈਂ? ਜੀ, ਰਾਜ ਪਾਟ ਹਾਜ਼ਰ ਹੈ। ਕੋਈ ਆਪਣੀ ਸ਼ੈ ਦੇ ਰਾਜਾ! ਜੀ ਰਾਜ ਮੇਰਾ ਹੈ। ਇਹ ਰਾਜ-ਪਾਟ ਨੂੰ ਤੇਰਾ ਪਿਓ ਦਾਦਾ ਵੀ ਆਪਣਾ ਆਖਦੇ ਚਲੇ ਗਏ ਤੇ ਤੂੰ ਵੀ ਛੱਡ ਜਾਣਾ ਹੈ। ਇਹ ਤੇਰਾ ਕਿਵੇਂ ਹੋਇਆ? ਰਾਜਨ ਕੋਈ ਆਪਣੀ ਸ਼ੈ ਦੇ। ਰਾਜਾ ਵਿਚਾਰਾਂ ਮੇਂ ਹੋ ਗਿਆ ਤਾਂ ਫਿਰ ਕਹਿਣ ਲੱਗਾ, "ਮਹਾਰਾਜ, ਇਹ ਤਨ ਹਾਜ਼ਰ ਹੈ ਜੀ।"

ਮਹਾਰਾਜ ਨੇ ਕਿਹਾ, ''ਇਹ ਤਨ ਤੇਰਾ ਕਿਵੇਂ ਹੋਇਆ? ਕਈ ਸਰੀਰ ਤੈਂ ਧਾਰੇ ਅਤੇ ਛੱਡੇ।'' ਤਨ ਕਿਵੇਂ ਤੇਰਾ ਹੋਇਆ? ਇਹ ਤੇ ਸੁਆਹ ਦੀ ਢੇਰੀ ਐ। ਰਾਜਾ ਵਿਚਾਰਾਂ ਮੇਂ ਪੈ ਗਿਆ। ਪੁੰਨਾਂ ਵਾਲਾ ਸੀ। ਸਮਝ ਆ ਗਈ ਠੀਕ ਹੈ ਰਾਜ ਵੀ ਮੇਰਾ ਨਹੀਂ, ਤਨ ਵੀ ਮੇਰਾ ਨਹੀਂ, ਕਿਹਾ ਜੀ ਮਨ ਹਾਜ਼ਰ ਹੈ। ਗੁਰੂ ਜੀ ਨੇ ਕਿਹਾ, ''ਮਨ ਤਾਂ ਤੇਰਾ ਦੁਸ਼ਮਣ ਐ, ਤੇਰੇ ਆਪਣੇ ਵੱਸ ਨਹੀਂ, ਇਹ ਤੂੰ ਸਾਨੂੰ ਕੀ ਦੇਵੇਂਗਾ।'' ਰਾਜੇ ਨੇ ਵਿਚਾਰਿਆ ਸੱਚੀ ਗੱਲ ਹੈ ਤਨ ਵੀ ਮੇਰਾ ਨਹੀਂ, ਰਾਜ-ਪਾਟ ਵੀ ਮੇਰਾ ਨਹੀਂ ਤੇ ਮਨ ਵੀ ਮੇਰਾ ਨਹੀਂ। ਪੁੱਛਦਾ ਹੈ, ਮਹਾਰਾਜ! ਮੈਂ ਕੀ ਭੇਂਟ ਕਰਾਂ। ਪਾਤਸ਼ਾਹ ਨੇ ਬਚਨ ਕੀਤਾ, ''ਇਹ ਜੋ ਮੈਂ ਹੈ, ਇਹ ਭੇਟ ਕਰ, ਇਹ ਲੈਣੀ ਹੈ। ਰਾਜਾ ਸੀ ਉੱਤਮ ਅਧਿਕਾਰੀ। ਬਦੇਹ ਹੋ ਗਿਆ। ਸੀਸ ਚਰਨਾਂ ਮੇਂ ਰੱਖ ਦਿੱਤਾ। ਬਹੁਤ ਸਮਾਂ ਬੀਤ ਗਿਆ। ਸੀਸ ਚਰਨਾਂ ਮੇਂ ਰੱਖਿਆ ਹੈ। ਹੁਣ ਪਰਸ਼ਾਦੇ ਲਈ ਕੌਣ ਬੇਨਤੀ ਕਰੇ ਤੇ ਕਿਸ ਅਗੇ ਕਰੇ। ਮੈਂ ਉੱਡ ਗਈ। ਧਿਆਤਾ, ਧਿਆਨ, ਧੈ ਇੱਕ ਹੋ ਗਏ। ਸਤਿਗੁਰੂ ਜੀ ਨੇ ਥਾਪੀ ਦਿੱਤੀ, ਉਠਾਇਆ। ਰਾਜਨ ਜਾਓ, ਰਾਜ ਕਰੋ। ਜੀ, ਹੁਣ ਰਾਜ ਕੌਣ ਕਰੇ? ਪਾਤਸ਼ਾਹ ਜੀ ਨੇ ਬਚਨ ਕੀਤਾ ਇਵੇਂ ਹੀ ਠੀਕ ਹੈ। ਜਿਵੇਂ ਅੱਗੇ ਕਹਿੰਦਾ ਸੈਂ ਰਾਜ ਭਾਗ ਮੇਰਾ ਹੈ। ਧੀ-ਪੁੱਤਰ ਮੇਰੇ, ਹਾਥੀ, ਘੋੜੇ ਮੇਰੇ। ਇਉਂ ਕਰਕੇ ਵਰਤੇ ਸੀ। ਹੁਣ ਸਾਡਾ ਬਣ ਕੇ ਰਾਜ ਕਰ।

ਹੁਣ ਉਹ ਰਾਜ ਕਰਦਾ ਹੈ। ਕਹਿੰਦਾ ਹੈ, ਰਾਜ ਭੀ ਗੁਰੂ ਜੀ ਤੇਰਾ, ਹਾਥੀ ਘੋੜੇ ਵੀ ਤੇਰੇ, ਬਾਲ-ਬੱਚੇ ਪਰਿਵਾਰ ਵੀ ਤੇਰਾ ਤੇ ਮੈਂ ਵੀ ਤੇਰਾ। ਤੇਰਾ ਗੋਲਾ ਕੰਮ ਕਰਦਾ ਹਾਂ।

ਹੁਣ ਭਾਈ ਉਹ ਮਾਇਆਧਾਰੀ ਹੈ ਜਾਂ ਬਿਰਕਤ? ਬਿਰਕਤ ਹੋਇਆ ਨਾ। ਸਭ ਕੁਝ ਤੇਰਾ ਕਰਕੇ ਵਰਤਦਾ ਹੈ! ਫਲ ਦਾ ਭਾਗੀ ਨਹੀਂ ਹੈ। ਮੇਰਾ ਕਰਕੇ ਵਰਤਦਾ ਹੈ ਤਾਂ ਹਿਸਾਬ ਮੇਂ ਖੜਾ ਹੈ। ਫਲ ਦਾ ਭਾਗੀ ਹੈ। ਸੋ, ਭਾਈ ਗੁਰੂ ਸਾਹਿਬ ਨੂੰ ਮੈਂ ਦੇਣੀ ਹੈ। ਮੈਂ ਮੇਰੀ ਦੂਰ ਕਰਕੇ ਗੁਰੂ ਨਾਨਕ ਅੱਗੇ ਢਹਿ ਪਓ।

ਬਾਬਾ ਨੰਦ ਸਿੰਘ ਜੀ ਦੇ ਇਹ ਬਚਨ ਸੁਣਦਿਆਂ ਸਾਰਿਆਂ ਨੂੰ ਜਾਪ ਰਿਹਾ ਸੀ ਕਿ ਇਹ ਬਚਨ ਮੇਰੇ ਪ੍ਰਥਾਏ ਹੋ ਰਹੇ ਹਨ। ਬਚਨਾਂ ਦੀ ਸਮਾਪਤੀ ਕਰਦੇ ਹੋਏ ਬਾਬਾ ਜੀ ਨੇ ਜੀਵਨ ਦਾ ਇੱਕ ਵੱਡਾ ਸੱਚ ਪ੍ਰਗਟ ਕੀਤਾ ਤਾਂ ਸਭ ਹੌਲੇ ਫੁੱਲ ਹੋ ਗਏ ਸਨ।

*-ਚਲਦਾ*

---

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਅਤੇ ਸੰਗਤ ਦੀ ਅਸੀਸ ਸਦਕਾ




ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਹੱਥ ਲਿਖਤ ਨੌਵੀ ਕਿਤਾਬ

ਵਿਰਲੇ ਕੇਈ ਕੇਇ

ਨਵੀਂ ਪੁਸਤਕ

ਆਪ ਜੀ ਘਰ ਬੈਠੇ ਹੀ V.P.P. ਡਾਕ ਰਾਹੀਂ ਪੁਸਤਕਾਂ ਮੰਗਵਾ ਸਕਦੇ ਹੋ। ਪੁਸਤਕਾਂ ਮੰਗਵਾਉਣ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ ਜੀ।

ਪ੍ਰਕਾਸ਼ਕ ਭਾ. ਚਤਰ ਸਿੰਘ ਜੀਵਨ ਸਿੰਘ

ਵੱਲੋਂ :- ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ 98765-25850

# ਪਰਖ ਤੇ ਪ੍ਰਪੱਕਤਾ

ਅੰਕ 128 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ।

*—ਸੰਪਾਦਕ*

1. ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅਸਥਾਨ ਦੱਸੋ?
   ੳ) ਸ੍ਰੀ ਗੋਇੰਦਵਾਲ ਸਾਹਿਬ ਅ) ਗੁ: ਤਰਨ ਤਾਰਨ ਸਾਹਿਬ ੲ) ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ)
2. ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹੜਾ ਨਗਰ ਵਸਾਇਆ?
   ੳ) ਸ੍ਰੀ ਅੰਮ੍ਰਿਤਸਰ ਸਾਹਿਬ ਅ) ਸ੍ਰੀ ਗੋਇੰਦਵਾਲ ਸਾਹਿਬ ੲ) ਸ੍ਰੀ ਖਡੂਰ ਸਾਹਿਬ
3. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਦਾ ਨਾਮ ਦੱਸੋ?
   ੳ) ਬੀਬੀ ਵੀਰੋ ਜੀ ਅ) ਬੀਬੀ ਅਮਰੋ ਜੀ ੲ) ਬੀਬੀ ਅਨੋਖੀ ਜੀ
4. ਖਾਲਸਾ ਪੰਥ ਦੇ ਮਾਤਾ ਜੀ ਦਾ ਨਾਮ ਦੱਸੋ?
   ੳ) ਮਾਤਾ ਜੀਤੋ ਜੀ ਅ) ਮਾਤਾ ਸਾਹਿਬ ਕੌਰ ਜੀ ੲ) ਮਾਤਾ ਸੁੰਦਰੀ ਜੀ
5. ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ ਤਾਂ ਉਸ ਵਕਤ ਉਨ੍ਹਾਂ ਦੀ ਉਮਰ ਕਿੰਨੀ ਕੁ ਸੀ?
   ੳ) ਤਕਰੀਬਨ 18 ਸਾਲ 4 ਮਹੀਨੇ
   ਅ) ਤਕਰੀਬਨ 20 ਸਾਲ 2 ਮਹੀਨੇ
   ੲ) ਤਕਰੀਬਨ 22 ਸਾਲ 3 ਮਹੀਨੇ
6. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹੜੇ ਮਹਾਨ ਸਿੱਖ ਨੂੰ ਜੰਗ ਦੇ ਮੈਦਾਨ ਵਿੱਚ ਪਾਣੀ ਪਿਲਾਉਣ ਦੇ ਨਾਲ-ਨਾਲ ਮਲੱਮ ਪੱਟੀ ਕਰਨ ਦੀ ਵੀ ਸੇਵਾ ਬਖਸ਼ੀ?
   ੳ) ਭਾਈ ਪਿਰਾਗਾ ਜੀ ਨੂੰ ਅ) ਭਾਈ ਘਨੁਈਆ ਜੀ ਨੂੰ ੲ) ਭਾਈ ਨੰਦ ਲਾਲ ਜੀ ਨੂੰ
7. ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਕਿਹੜੇ ਸਤਿਗੁਰੂ ਜੀ ਨੇ ਰਚੀ ਅਤੇ ਕਿਹੜੀ ਪਵਿੱਤਰ ਜਗ੍ਹਾ ਤੇ ਰਚੀ?
   ੳ) ਸ੍ਰੀ ਗੁਰੂ ਰਾਮਦਾਸ ਜੀ ਨੇ, ਸ੍ਰੀ ਦਰਬਾਰ ਸਾਹਿਬ
   ਅ) ਸ੍ਰੀ ਗੁਰੂ ਅਮਰਦਾਸ ਜੀ ਨੇ, ਸ੍ਰੀ ਗੋਇੰਦਵਾਲ ਸਾਹਿਬ
   ੲ) ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ੍ਰੀ ਰਾਮਸਰ ਸਾਹਿਬ
8. ਅਨੰਦ ਕਾਰਜ ਵੇਲੇ ਪੜ੍ਹੀ ਜਾਣ ਵਾਲੀ ਬਾਣੀ (ਲਾਵਾਂ) ਕਿਹੜੇ ਮਹਾਨ ਸਤਿਗੁਰੂ ਜੀ ਨੇ ਉਚਾਰਨ ਕੀਤੀ?
   ੳ) ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅ) ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ੲ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
9. ਕਿਹੜੇ ਪਿਆਰੇ ਸਿੱਖ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਪੁਜੀ ਸਾਹਿਬ ਜੀ ਦਾ ਪਾਠ ਬਹੁਤ ਹੀ ਸ਼ੁੱਧ ਸੁਣਾਇਆ ਅਤੇ ਕਿੱਥੇ ਸੁਣਾਇਆ?
   ੳ) ਭਾਈ ਗੋਪਾਲਾ ਜੀ ਨੇ, ਸ੍ਰੀ ਹਰਿਗੋਬਿੰਦ ਪੁਰ ਵਿਖੇ ਅ) ਛੱਜੂ ਝੀਵਰ ਨੇ, ਅੰਬਾਲੇ ਵਿਖੇ ੲ) ਭਾਈ ਬਿਧੀ ਚੰਦ ਜੀ ਨੇ, ਲਾਹੌਰ ਵਿਖੇ
10. ਬਾਬਾ ਅਟਲ ਰਾਏ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੀ ਲੱਗਦੇ ਸੀ?
    ੳ) ਮਾਮਾ ਜੀ ਅ) ਚਾਚਾ ਜੀ ੲ) ਤਾਇਆ ਜੀ

**ਪਿਛਲੇ ਅੰਕ ਦੇ ਸਹੀ ਜਵਾਬ :-**

1. ਮੱਤੇ ਦੀ ਸਰ੍ਹਾਂ (ਜ਼ਿਲ੍ਹਾ ਫਿਰੋਜ਼ਪੁਰ), 2. ਸ੍ਰੀ ਖਡੂਰ ਸਾਹਿਬ, 3. ਭਤੀਜੇ, 4. ਹਰ ਸਾਲ ਵਿਸਾਖੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ, 5. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਮਾਛੀਵਾੜੇ ਦੇ ਜੰਗਲਾਂ ਵਿੱਚ, 6. ਤਕਰੀਬਨ 18 ਸਾਲ ਦੀ ਉਮਰ, 7. 6 ਗੁਰੂ ਸਾਹਿਬਾਨਾਂ ਦੀ, 8. ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, 9. ਬਾਬਾ ਬੰਦਾ ਸਿੰਘ ਜੀ ਬਹਾਦਰ ਨੇ, 10. ਭਾਈ ਮਨੀ ਸਿੰਘ ਜੀ।

**ਜੇਤੂਆਂ ਦੇ ਨਾਮ :**

1. ਡਾ. ਕ੍ਰਿਪਾਲ ਸਿੰਘ (ਜ਼ਿਲ੍ਹਾ ਲੁਧਿਆਣਾ), 2. ਕੈਪਟਨ ਪਾਲ ਸਿੰਘ (ਜ਼ਿਲ੍ਹਾ ਫਤਹਿਗੜ੍ਹ ਸਾਹਿਬ), 3. ਸ੍ਰ. ਸਤਨਾਮ ਸਿੰਘ ਸਿੱਧੂ (ਜੰਡਿਆਲਾ ਗੁਰੂ) 4. ਬੀਬੀ ਰਜਿੰਦਰ ਕੌਰ (ਲੁਧਿਆਣਾ), 5. ਸ੍ਰ. ਤਰਲੋਚਨ ਸਿੰਘ (ਜ਼ਿਲ੍ਹਾ ਜਲੰਧਰ), 6. ਸ੍ਰ. ਗੁਰਤੇਜ ਸਿੰਘ (ਜ਼ਿਲ੍ਹਾ ਬਠਿੰਡਾ), 7. ਮਾਸਟਰ ਸਰਬਜੀਤ ਸਿੰਘ (ਜ਼ਿਲ੍ਹਾ ਤਰਨ ਤਾਰਨ), 8. ਸ੍ਰ. ਗੁਰਦੇਵ ਸਿੰਘ (ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ), 9. ਕੈਪਟਨ ਭਜਨ ਸਿੰਘ (ਅੰਮ੍ਰਿਤਸਰ), 10. ਸ੍ਰ. ਸੁਖਦੇਵ ਸਿੰਘ ਵਾਲੀਆ (ਬਰਨਾਲਾ), 11. ਬੀਬੀ ਰਬਿੰਦਰ ਕੌਰ (ਲਖਨਊ), 12. ਸ੍ਰ. ਗੁਰਪ੍ਰੀਤ ਸਿੰਘ (ਅੰਮ੍ਰਿਤਸਰ), 13. ਗੁਰਸਿਮਰਨ ਕੌਰ (ਅੰਮ੍ਰਿਤਸਰ)

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

**254** ਸਾਡਾ ਪਿਆਰਾ ਮਿੱਤਰ, ਸਾਡਾ ਸਤਿਸੰਗੀ ਉਹ ਹੈ ਜਿਹੜਾ ਕਦੀ ਆਪਣੇ ਨਿਤਨੇਮ ਦੇ ਪਾਠ ਦਾ ਨਾਗਾ ਨਹੀਂ ਪੈਣ ਦਿੰਦਾ।

**255** ਜਿਸਦੇ ਕੋਲ ਰੇਲ ਦੀ ਟਿਕਟ ਨਾ ਹੋਵੇ ਉਹ ਛੁਪਦਾ ਫਿਰਦਾ ਹੈ, ਜਿਸਦੇ ਕੋਲ ਪਾਠ ਕਰਨ ਦੀ, ਨਿਤਨੇਮ ਕਰਨ ਦੀ ਟਿਕਟ ਨਹੀਂ ਹੈ ਉਹ ਸ਼ਾਨ ਨਾਲ ਦਰਗਾਹ ਵਿੱਚ ਕਿਵੇਂ ਜਾਵੇਗਾ?

*ਸੰਗ੍ਰਹਿ ਕਰਤਾ- ਸੰਪਾਦਕ*

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

*—ਭਾਈ ਅਮਰੀਕ ਸਿੰਘ ਗਨੈਸਕ*

**92** ਸਿੱਖ ਆਪਣੇ ਗੁਰੂ ਦੇ ਅਨਕੂਲ ਹੀ ਸੰਕਲਪ ਉਠਾਵੇ ਉਲਟ ਨਾ ਉਠਾਵੇ।

**93** ਸਿੱਖ ਅੰਦਰ ਨਿਸ਼ਚਾ ਹੋਵੇ ਕਿ ਗੁਰੂ ਔਖੀ ਜਗ੍ਹਾ ਮੇਰੀ ਸਹਾਇਤਾ ਕਰੇਗਾ।

# प्रश्न उत्तर ज़िंदगी की बारीकियाँ

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्नों को उत्तर के साथ पिछले काफी समय से शृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां समझ सके। पिछले अंकों में 466 प्रश्न-उत्तर दिए गए थे। गुरु साहिब जी की कृपा से शृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

-बीबी जतिंदर कौर (ज्योति दारा बहन जी, अमरीका वाले)

*शृंखला जोड़ने के लिए पिछला अंक देखें-*

**467 प्रश्नः** आदरणीय वीर जी, हम अपने आपको सिक्ख कहलाते हैं पर सिक्खी की मुख्य निशानी क्या है? सिक्खी का मूल क्या है?

**उत्तरः** पिछले अंक से यह विचार चल रही थी कि सिक्खी का मूल क्या है? कोई कहे कि मैं सिक्ख हूँ, उसकी निशानी क्या है? जैसे कि विनती की थी कि बाहरी पहरावा भी जरूरी है पर बात सारी अंदर की है। हर सिक्ख को पता होना चाहिए कि सिक्खी का मूल क्या है, बड़ा प्यारा तथा जरूरी विषय है।

इतिहास में से पिछले अंक से गुरु साहिब विचार व्यक्त करवा रहे थे कि लखनऊ शहर के निवासी नाम से रंगी रूह भाई चूहड़ जी ने जब श्री गुरु हरिगोबिंद साहिब जी को प्रश्न पूछा कि महाराज जी सिक्खी का मूल क्या है? महाराज जी ने तीन निशानियाँ बताईं। पहली निशानी- मन को नम्रता में रखना तथा किसी की खुशी छीन कर खुशी न लेना। इसकी विचार पर पिछले अंक में गुरु साहिब जी ने सेवा ली है।

अब इस अंक में सतिगुरु जी दूसरी निशानी पर विचार व्यक्त करवाएँ। महाराज जी ने दूसरी निशानी बताई, सत्संगत करनी तथा संगत की प्रसन्नता लेना, यह भी सिक्खी का मूल है। जरूरी से जरूरी काम भी हो तो टाल देना पर संगत की घड़ियां न छोड़ना। काम नहीं खत्म होने लगे।

महापुरुष वचन करते थे, किसी ने अपने भाग्य चैक करने हो तो ऐसे कर सकते हो। जब सत्संग की घड़ियां नसीब हों तो समझ लेना कोई अच्छा भाग्य ऊपर आया है पर जब मिली हुई संगत भी छूट जाए तो समझ लेना दुर्भाग्य आगे आ रहे हैं। इसलिए यह जरूर अरदास किया करे, तेरी संगत की चरण-धूल मिलती रहे। धन्य धन्य श्री गुरु अर्जुन देव जी का प्यार भरा फैसला है:

*साधसंगति ते सभ फल पाए*
*सतिगुर कै बलि जाईं॥*
(अंग ६२०)

श्री गुरु नानक देव जी महाराज ने जब सोचा कि नाम टिकाऊँ कहाँ? तो नाम कहाँ टिकाया है, संगत में। नाम को संभालने के लिए भी जगह चाहिए थी। संगत में टिकाया है नाम को। कभी नोट करना, बड़े-बड़े महापुरुष उच्चावस्था पर भी पहुँच गए पर वे भी संगत करते थे। संगत में ही भूख पूरी होती है क्योंकि यहाँ गुरु साहिब ने नाम टिकाया है। अभ्यासी साधक बैठा हो उसकी तो वह बात बन जाती है:

*संतहु माखनु खाइआ छाछि पीऐ संसारु॥*
(अंग १३६५)

अभ्यासी जब सत्संग करता है, कीर्तन श्रवण कर रहा होता है, उसका साथ रोम-रोम द्वारा सिमरन चल रहा होता है, क्योंकि संगत में नाम टिकाया है। संगत को यूं ही नहीं इतनी महानता दी पर इस में साथ ही यह भी जरूर ध्यान रखना है प्रसन्नता लेनी है संगत की। वह प्रसन्नता चाहे रसना द्वारा ली जाए, चाहे संगत के जोड़े झाड़ कर या किसी अन्य तरह की सेवा करके ली जाए। संगत की प्रसन्नता बहुत बड़ी है। सिक्ख हर समय यह ढूँढने का यत्न करे कि संगत की प्रसन्नता कैसे मिल सकती है।

इतिहास में एक साखी आती है। मालवे के रहने वाले भाई आदम जी पुत्र की लालसा में कई द्वार गए पर खैर किसी से न मिली। एक दिन एक गुरसिक्ख के दर्शन हुए। उसको घर बुलाकर भोजन करवाया तथा विनती की गुरसिक्ख! हमारी अरदास कर। हमारे घर औलाद नहीं। उस गुरसिक्ख ने रास्ता बताया, श्री अमृतसर जाओ, वहाँ चौथे गुरु, गुरु नानक महाराज जी के रूप में परमेश्वर धरती पर आए हैं, उनके चरणों में जोदड़ी करो, जरूर सुनी जाएगी। अमृतसर गए। किसी गुरसिक्ख से मेल हुआ तथा भाई आदम जी ने पूछा- चौथे पातशाह कहाँ मिलेंगे? उस गुरसिक्ख ने सहज स्वभाव पूछ लिया कि कहाँ से आए हो, कैसे आए हो? भाई आदम जी कहने लगे, मालवा से आए हैं। घर पुत्र नहीं। कई द्वार गए हैं यह भावना पूरी नहीं हुई। किसी गुरमुख प्यारे ने सूझ प्रदान की है कि अमृतसर जाओ, चौथे पातशाह जी के चरणों में से कोई खाली नहीं जाता। वह सिक्ख अवस्था वाला था। आपसी बातचीत करते सिक्ख को भाई आदम जी पर तरस आ गया। कहने लगा, भाई आदम जी, आप जी विनती करो चौथे पातशाह जी के चरणों में पर यदि आपके कर्मों में ही औलाद न लिखी हुई तो फिर? यह भी हो सकता है कि आप विनती करो, आगे महाराज न हाँ करें, न इन्कार करें। फिर क्या करोगे? भाई आदम जी कहने लगे कि फिर मैं क्या करूँ? वह सिक्ख युक्ति वाला था। कहने लगा, एक काम करो, गुरु नानक महाराज जी के घर में से फिर खाली नहीं जाओगे। भाई आदम जी को आशा की किरण नजर आई। कहने लगे बताओ, फिर मैं क्या करूँ। गुरसिक्ख ने रास्ता बताया कि अपने गुजारे के लिए हाथ से कार्य भी करो तथा साथ-साथ सेवा भी करो गुरु घर में। सेवा ऐसे ढंग से करो कि जिससे संगत की प्रसन्नता मिले। जहाँ संगत की प्रसन्नता आ जाए वहाँ फिर एक दिन गुरु साहिब जी आप प्रसन्न होकर पूछते हैं कि क्या मांगते हो? फिर खाली नहीं जाओगे।

भाई आदम जी अब सोचते हैं कि ऐसा

क्या काम करूँ जिससे हाथ से कार्य भी हो तथा साथ-साथ सेवा भी होती जाए। फिर सोच-विचार करके लंगर में लकड़ियां पहुँचाने की सेवा ले ली। भाई आदम जी चाटीविंड गाँव और गिलवाली गाँव अब जिसका नाम गुरवाली गाँव है से लकड़ियां इकट्ठी करते हैं। एक ढेरी अपने रहने के लिए जहाँ जगह बनाई थी वहाँ फैंकते हैं तथा वह बेच कर घर का गुजारा करते हैं तथा दूसरी ढेरी गुरु के लंगर में फैंकते हैं। समय बीतता गया। अब वह समय आ गया जब सेवा को फल लगना है। कुदरत की नियति एक दिन बारिश बहुत तेज हुई तथा लंगर की सभी लकड़ियाँ भीग गईं। संगत बाहर से बहुत आई थी। इतने कमरे नहीं थे होते उस समय और खुले में ही बिछाई होती थी। बारिश होने के कारण ठण्ड बहुत हो गई थी। संगतें ठण्ड से ठिठुर रहीं थीं। भाई आदम जी ने देर न की। देखा संगत ठिठुर रही है जितनी लकड़ी उनके घर में पड़ी हुई थी, सोचा भी ना तुरंत लाकर जगह-जगह आग जला दी। अब लकड़ियों ने तो खत्म होना ही था। भाई आदम जी ने देखा कि लकड़ियाँ खत्म हो गई हैं। अब जो अगला कदम भाई आदम जी ने क्या उठाया? यह कोई-कोई कर सकता है। अपने घर के सारे दरवाजे-खिड़कियां, चोगाठें तक उखाड़ दीं और लाकर सारी लकड़ी जला दी। सिर्फ इसलिए कि संगत को कोई परेशानी न आए। संगत की प्रसन्नता मिले।

जब रात के लगभग एक बजे गुरु साहिब उधर से गुजरे। देखा जगह-जगह पर धूनियां जल रही हैं तथा ढोलकी-छैनों से संगत कीर्तन कर रही है। महाराज जी सेवादार को पूछते हैं हमने तो सुना था कि सभी लकड़ियाँ भीग चुकी है और संगत बड़ी परेशान है, यहाँ तो संगत कीर्तन का आनंद प्राप्त कर रही है। कीर्तन हो रहा है। वह समय बना हुआ था :

*आए संत पराहुणे कीरतन होआ रैण सबाई ॥*

(वार १०, पउड़ी १६)

महाराज जी सेवादार को कहने लगे, यह सब किसने किया है? सिक्खों ने बताया, भाई आदम नामक एक शरीर मालवा से आया है। लंगर में लकड़ियाँ पहुँचाता है। लंगर की सभी लकड़ी भीग गई थी तो उसने अपने घर से लकड़ी लाकर जगह-जगह पर जलाई है। सिक्ख कहने लगा कि उसने तो अपने घर की चोगाठें, दरवाजे, खिड़कियां तक उखाड़ कर जला दी हैं। आ गए मौज में महाराज जी। सुबह होते ही गुरु रामदास महाराज जी ने भाई आदम जी को भरे दीवान में बुलाया तथा कहा, आपने गुरु नानक साहिब की संगतों की प्रसन्नता ली है। बताओ, क्या मंशा धार कर सेवा की है। देख लो संगत की सेवा इतनी बड़ी है कि महाराज जी गुरबाणी में फुरमान करते हैं :

*साधसंगि मलु लाथी ॥ पारब्रहमु भइओ साथी ॥*

(अंग ६२५)

जो संगत की प्रसन्नता ले लेता है महाराज जी कहते, उसका परमेश्वर साथी बन जाता है।

*मेरे माधउ जी सतसंगति मिले सु तरिआ ॥*
*गुर परसादि परम पदु पाइआ सूके कासट हरिआ ॥*

(अंग १०)

आप सतिगुरु जी ने भाई आदम जी को बुला कर कहा, बताओ क्या चाहिए? आपने संगत को प्रसन्न किया है। गुरु नानक साहिब का घर आप पर प्रसन्न है। अब थोड़ा सोचने वाली बात है कि एक रात सिर्फ संगत की खुशी ली भाई आदम जी ने तथा गुरु साहिब अब आप बुला कर पूछते हैं, क्या चाहिए?

भाई आदम जी अब झुक गए। विनती की कि पत्नी को पूछकर बताऊंगा। अंतर्यामी महाराज जी मुस्करा दिए, आज्ञा दी।

अगले दिन भाई आदम जी अपनी पत्नी को साथ लेकर आए तथा श्री गुरु रामदास पातशाह जी के चरणों में रो कर विनती की, सच्चे पातशाह जी! हमारे औलाद नहीं। महाराज जी ने नेत्र बंद किए, कुछ समय बाद नेत्र खोले तथा वचन किया, भाई आदम सात जन्मों तक आपके घर औलाद नहीं है पर आपने श्री गुरु नानक महाराज की संगतों की प्रसन्नता ली है, हम अपना चौथा पुत्र आपके घर भेजते हैं। सतिगुरु जी ने पुत्र का वचन दिया कि पुत्र होगा पर भाई आदम जी की पत्नी के मन में शंका आ गई। आगे भी बहुत ने यही कहा कि पुत्र होगा पर हुआ नहीं। जब मन में शंका आ जाए तो फिर प्राप्ति नहीं होती। अंतर्यामी सच्चे पातशाह गुरु रामदास महाराज जी ने स्वयं आवाज देकर शंका निवृत की। महाराज कहने लगे, आज तक रिवाज है बच्चा होने के बाद नाम रखते हैं। हम पहले ही नाम रख देते हैं, उस बच्चे का नाम भाई भगतू रखना। बहुत करनी कमाई वाला होगा। उसकी भी आगे कुल चलेगी तथा दसवें जन्म में सेवा भी लेंगे। भाई भगतू जी का आगे पुत्र हुआ है भाई गोरा जी। भाई गोरे जी का आगे पुत्र हुआ भाई दयाल जी। भाई दयाल जी का पुत्र हुआ है भाई जीवन जी। गांवों के गांव पूजते थे, श्री गुरु रामदास जी ने ऐसी औलाद प्रदान की पर प्रदान की इसलिए यह निष्कर्ष लेना एक भाई आदम जी ने सेवा करके संगत की प्रसन्नता ली। भाई दयाल जी को ऐसा धर्मी पुत्र क्यों प्रदान किया? क्योंकि सेवा करके संगतों की प्रसन्नता ले ली। गुरु साहिब को प्रसन्न कर लिया।

अमृतसर शहर में किसी की दुकान थी जो कि गौरमिंट ने किसी कारण बंद करवा दी। 10-15 लाख पगड़ी उस दुकान की थी। चला हुआ काम। ताले लग गए। किसी गुरमुख प्यारे को उसने बताया कि इस तरह अच्छा भला कारोबार चल रहा था यह रुकावट आ गई है। उस गुरमुख प्यारे ने युक्ति बताई कि संगत की प्रसन्नता प्राप्त कर ले सब रुकावटें स्वयं दूर हो जाएँगी। वह कहने लगा कि क्या करुं? संगत की खुशी कैसे प्राप्त करुं? वह गुरमुख प्यारा कहने लगा, तेरे पास गाड़ी है, उसने कहा जी हाँ सूमो गाड़ी है। उस गुरसिक्ख ने कहा, सिविल लाइन इलाके में बहुत स्त्रियां ऐसी हैं जो सुबह 3-4 बजे अमृत वेले दरबार साहिब दर्शन करने जाना चाहती हैं, पर एक तो दरबार साहिब से यह इलाका दूर है, दूसरी स्त्रियां अकेली होने के कारण रात को आने से डरती हैं, साथ कोई गाड़ी का प्रबंध नहीं। संगतें बहुत व्याकुल हैं जाने के लिए श्री गुरु रामदास जी के घर। उस शरीर ने 7-8 ऐसे परिवारों से संपर्क कर लिया। उन परिवारों के घर जाकर अमृत वेले सूमो का हार्न बजाना उन्होंने बाहर आ जाना। 20 मिनट लग जाने सब को इकट्ठा करते, सब को दरबार साहिब पहुँचाना। आप दर्शन दीदार करना। घण्टा-डेढ़ घण्टा कीर्तन सुनना। फिर अकेले-अकेले को घर छोड़कर आना। एक होती है बधा चटी और एक होती है, वाह-वाह करके। एक है, शुक्र है, सतिगुरु जी सेवा ले रहे हैं उस शरीर ने शुक्राने तथा श्रद्धा से सब सेवा करनी। अब अगली बात किसी को नहीं थी पता। संगत को दर्शन करवाने के उपरांत जब उसने अपने घर

*-शेष पन्ना 47 पर*

# धन्य धन्य श्री गुरु अमरदास जी

## परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

–जसविन्द्र सिंघ (पटियाला)

*कत जाईऐ रे घर लागो रंगु ॥*
*मेरा चितु न चलै मनु भइओ पंगु ॥१॥ रहाउ॥*
*एक दिवस मन भई उमंग ॥*
*घसि चंदन चोआ बहु सुगंध ॥*
*पूजन चाली ब्रहम ठाइ ॥*
*सो ब्रहमु बताइओ गुर मन ही माहि॥१॥*
*जहा जाईऐ तह जल पखान ॥*
*तू पूरि रहिओ है सभ समान ॥*
*बेद पुरान सभ देखे जोइ ॥*
*ऊहां तउ जाईऐ जउ ईहां न होइ ॥२॥*
*सतिगुर मै बलिहारी तोर ॥*
*जिनि सकल बिकल भरम काटे मोर ॥*
*रामानंद सुआमी रमत ब्रहम ॥*
*गुर का सबदु काटै कोटि करम ॥३॥१॥*

(अंग ११९५)

साध संगत जी! धन्य श्री गुरु ग्रंथ साहिब जी की गोद में आए हो। गुरु साहिब के बलिहारे जा रहे हो। परिवार बड़ा है। जब गुरुद्वारे छोटे हो जाएँ, संगत बढ़ जाए तो खुश हुआ करो, शुक्र है तेरा, शुक्र है तेरा बाबा नानक जी! यह परिवार और बड़ा हो। जिनको अंदर जगह नहीं मिली, बाहर मिल रही है, उनके चरणों में विनती है हाथ जोड़ कर कि थोड़ा-सा परिश्रम आपको अधिक करना पड़ेगा, बाहर बैठे भी मन श्री गुरु ग्रंथ साहिब जी की हजूरी में रखना। यह न सोचना कि अंदर जगह नहीं मिल रही, बाहर बैठे हैं। भक्त सूरदास जी वाली बात दामन में बांध कर रखनी। किसी ने ताना-मेहना भाव उलाहमा दिया कि सूरदास! बहुत जल्दबाज़ी में चला जा रहा है। वे कहने लगे कि संगत में शामिल हुआ हूँ तथा ताना मेहना मारने वाले ने कहा, आँखें तेरी हैं नहीं, तुझे कौन से दर्शन होने हैं। तुझे कौन से दर्शन होने हैं जो इतना भागा जा रहा है? भक्त सूरदास जी निम्रता में भीगे कहते, चाहे मेरी आँखें नहीं, मैं तो जल्दबाज़ी में संगत में जा रहा हूँ, अधिक से अधिक लाभ ले लूं। मैं जहाँ भी बैठूंगा, मुझे जहाँ भी जगह मिलेगी, चाहे मैं उसको नहीं देख सकता परंतु मैं जहाँ भी बैठूंगा, वह मुझे देख रहा है इसलिए भाई! जिसको जहाँ-जहाँ भी जगह मिले, गुरु साहिब आपको देख रहे हैं। गुरु साहिब के चरणों में आपकी हाज़री लग रही है। यह प्रथम विनती है।

दूसरी विनती, जो हमारी शुरुआत है, जो भी माई-भाई संगत में आया है, भावना बनाना कि श्री गुरु ग्रंथ साहिब जी के रूप में धन्य श्री गुरु अमरदास जी महाराज विराजमान हैं। गुरु अमरदास जी का प्रकाश दिवस आने वाला है। श्री गुरु ग्रंथ साहिब जी को पोथी नहीं समझना, पुस्तक नहीं समझना। बाबा नंद सिंघ

जी कहते थे, दस पातशाहियों का जिसका मर्जी ध्यान धर लो प्यार से, श्री गुरु ग्रंथ साहिब जी में दस पातशाहियों की ज्योति विद्यमान है। जिस पातशाही का भी ध्यान धर लो, हो अंदर सच्ची भावना, उस पातशाही के सुरति में दर्शन होते हैं:

*दस पातशाहीआं रूप है गुरु ग्रंथ जी जाण।*
*गुरु ग्रंथ कलजुग भइओ स्री गुरु रूप महान।*

इसलिए यह प्रथम हमारी शुरुआत है। नहीं तो आजकल थोड़े समय के पश्चात ऐसी संस्थाएँ जन्म लेने वाली हैं जिन्होंने आप तक लिट्रेचर पहुँचाना है कि श्री गुरु ग्रंथ साहिब जी पर रुमाला सजाने की भी आवश्यकता नहीं, चंदोआ लगाने की भी आवश्यकता नहीं, यह पुस्तक है। भावना बनाओ! समय नाजुक आ रहा है। प्रवान/स्वीकृत प्रेम वाला, प्रतीति वाला, विश्वास वाला। इस प्रतीति के साथ बैठे हो कि दीवान में मैं अकेला नहीं बैठा, श्री गुरु ग्रंथ साहिब जी में धन्य गुरु अमरदास जी भी विराजमान हैं। यह हमारी शुरुआत है। बुल्ले शाह ने इसको यूं कहा है:

*इश्क की नमाज का यह पहला उसूल है।*
*यार होवे साहमने तां सिजदा कबूल है।*

इसलिए सिजदा करने आये हो तथा यार के सामने न बिठाया तो आनंद काहे का? धन्य श्री गुरु ग्रंथ साहिब जी का आशय। बात बुल्ले की नहीं। श्री गुरु ग्रंथ साहिब जी का आशय, सिक्ख किस भावना के साथ बैठे?

*अंदरि साचा नेहु पूरे सतिगुरै जीउ॥ .....*
*सतसंगति मिलै वडभागि ता हरि रसु आवए जीउ॥*
(अंग ६९०)

गुरबाणी रस के भंवरे यूं भी कहा करते हैं:

*अंदरि सचा नेहु लाइआ प्रीतम आपणै॥*
*तनु मनु होइ निहालु जा गुरु देखा साम्हणे॥*
(अंग ७५८)

इसलिए भाई! गुरु भी श्री गुरु ग्रंथ साहिब जी के रूप में विद्यमान है, हाज़र-नाज़र है। अब जैसे-जैसे पातशाह जी आगे चलाएं। समय पर समाप्ति करने का दास का प्रयत्न होगा क्योंकि प्रातः पांच बजे फिर दीवान हैं। वहाँ भी आप जी ने पहुँचना है, शब्द की खुराक लेने के लिए। एक बार ये पंक्तियाँ पढ़ो, कोई वंचित न रहे। कुर्बान जाएं, सतिगुरु महाराज जी से। सभी कृपा करो:

*सतिगुर मै बलिहारी तोर॥*

धन्य गुरु अमरदास जी कौन हैं? ध्यान देना जी:

*गुरि बाबै फिटके से फिटे*
*गुरि अंगदि कीते कूड़िआरे॥*
*गुर तीजी पीड़ी वीचारिआ*
*किआ हथि ऐना वेचारे॥*

इतना दयाल। जो बाबे की तरफ से फिट गए, निंदा की तथा गुरु अमरदास जी कहते, चलो ! इनके क्या वश है।

*गुर तीजी पीड़ी वीचारिआ*
*किआ हथि ऐना वेचारे॥*
*गुरु चउथी पीड़ी टिकिआ .....*

महाराज कहते, जिन्होंने हमें चौथी जगह पर टिकाया है..... धन्य गुरु अमरदास जी की ओर संकेत कर रहे हैं:

*गुरु चउथी पीड़ी टिकिआ*
*तिनि निंदक दुसट सभि तारे॥*

- - - - - - - - - - - - - - -

*सतिगुर मै बलिहारी तोर ॥*

बात तो गुरु को पहचानने की है तथा भावना की है। धन्य श्री गुरु अमरदास जी महाराज के आगमन दिवस को बाबा नंद सिंघ जैसे महापुरुष इतना महान गिनते थे, कहते थे जिस दिन महाराज जी का प्रकाश दिवस हो, उस दिन पशु, पक्षी, परिंदा भी मर जाए तो नरकों को नहीं जा सकता, दरगाह के द्वार इस दिन खुले होते हैं। हमने भी झोलियाँ फैलानी हैं। इस निर्धन संगत की झोली में भी सच्चे पातशाह भिक्षा डालें! कोई वचन हमारे हृदय में भी बसे, यह जीवन बदल जाए :

*गुर अमरदास की अकथ कथा है*
*इक जीह कछु कही न जाई ॥*

(अंग १४०६)

आज से 15-20 वर्ष पहले अमृतसर से गोइंदवाल पैदल यात्रा जाती होती थी। संगत चौरासी काटती थी। अपनी सभा बीबी कौलां जी भलाई केन्द्र की तरफ से संगत जाती है। बाबा जी उत्साह देते हैं कि हाज़री लगे, इतनी हिम्मत नहीं होती। पहले अमृतसर से तरनतारन बसों पर जाते थे तथा फिर तरनतारन से गोइंदवाल साहिब तक पैदल यात्रा। हम यात्रा लेकर पैदल जा रहे थे। दास बहुत थक गया था। अभी तीन-चार मील की यात्रा रहती थी, गुरुद्वारे तक तथा दास तो इतना थक गया कि चला ही न जाए। लज्जा भी आती थी। लोग कहेंगे, अच्छा मुखिया बना फिरता है? अपने से ही चला नहीं जाता। मन बहुत डावांडोल, धक्के से चल रहे थे जैसे शरीर को कोई धक्के से चलाता है। अब ऐसे वक्त सिक्ख के पास क्या है- एक अरदास। जोदड़ी। अन्य कुछ नहीं। दास चलता जा रहा था, चलते-चलते दास ने गुरु अमरदास जी से जोदड़ी की। दास ने कहा, सतिगुरु अमरदास जी! सच्चे पातशाह! कृपा करो! कृपा करो! अभी चार मील रास्ता पड़ा है। यह पैदल यात्रा भुगत जाए! चलते-चलते कुछ संकल्प मन में आये- वे दास आपके सामने रखना चाहता है कि कैसे अकथ कथा है। चलते-चलते मन में पहला संकल्प आया कि धन्य गुरु अमरदास जी! आप जी कितने धन्य है। दास ने कहा कि हम को वर्ष में एक दिन पंद्रह-सोलह मील की यात्रा करनी पड़ गई है तथा थक गए हैं। पहुँच जाएं। दास ने कहा, गुरु अमरदास जी महाराज! आपको कितना धन्य कहें? बारह वर्ष पैदल जाते रहे धन्य गुरु अंगद देव जी महाराज के इशनान के लिए जल लाने। एक भी नागा नहीं पड़ने दिया। आपके जैसे आप ही हैं। यह अकथ कथा है।

साथ ही दूसरा संकल्प मन में आया। हम एक-दो ट्रक साथ रखते थे ताकि बैग आदि उसमें रख लें। दास ने देखा एक बीबी (महिला) ने पर्स पकड़ा था तथा वह भी उसको भारी लगता था। वह भी गाड़ी के कुण्डे के साथ टांक देते थे तथा ड्राईवर को कहते थे, ध्यान रखना। यह भी उठाना कठिन है तथा दास के सामने दूसरा सीन आ गया। दास ने कहा, सतिगुरु जी! हमको तो किलो दो किलो का बैग भी उठाना कठिन लगता है पर आप में कौन-सी शक्ति थी? बारह तेरह वर्ष पैदल जल ब्यासा से लाना, स्नान करवाना! हम से दो किलो किलो का बैग उठाना कठिन है, आप तो ढाई मण (भार की उस युग की इकाई) की गागर लाते रहे हैं! यह अकथ कथा है।

